# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ.ਐਡ. ਭਾਗ ਦੂਜਾ ਸਮੈਸਟਰ ਚੌਥਾ

ਪੇਪਰ : ਇੱਕੀ (ਆਪਣੀ ਸ਼ਖ਼ਸੀਅਤ ਨੂੰ ਸਮਝਣਾ) ਯੂਨਿਟ : 2

ਮੀਡੀਅਮ : ਪੰਜਾਬੀ

ਪਾਠ ਨੰ.

2.1. ਪਹਿਚਾਣ ਨਿਰਮਾਣ ਦੀ ਕਿਰਿਆ ਦੇ ਰੂਪ ਵਿਚ ਸਕੂਲੀ ਸਿੱਖਿਆ

2.2. ਸਕੂਲੀ ਸਿੱਖਿਆ ਅਤੇ ਰਾਸ਼ਟਰੀ, ਧਰਮ-ਨਿਰਪੱਖ ਅਤੇ ਮਾਨਵਵਾਦੀ ਪਹਿਚਾਣ ਦਾ ਵਿਕਾਸ

2.3. ਰਚਨਾਤਮਿਕ ਸਿੱਖਿਆ ਅਤੇ ਆਲੋਚਨਾਤਮਿਕ ਅਧਿਆਪਨ-ਸ਼ਾਸਤਰ ਦੀ ਸ਼ਾਂਤੀਪੂਰਣ ਜੀਵਨ ਨਿਰਵਾਹ ਵਿਚ ਉਸਾਰੂ ਭੂਮਿਕਾ

**Department website : www.pbidde.org**

**ਪਾਠ ਨੰ: 2.1** **ਲੇਖਿਕਾ: ਡਾ. ਰੇਖਾ**

## ਪਹਿਚਾਣ ਨਿਰਮਾਣ ਦੀ ਕਿਰਿਆ ਦੇ ਰੂਪ ਵਿਚ ਸਕੂਲੀ ਸਿੱਖਿਆ

**ਪਾਠ ਦੀ ਬਣਤਰ:**

2.1.1 ਉਦੇਸ਼
2.1.2 ਭੂਮਿਕਾ
2.1.3 ਸਕੂਲੀ ਸਿੱਖਿਆ ਪਹਿਚਾਣ-ਨਿਰਮਾਣ ਦੀ ਕਿਰਿਆ ਦੇ ਰੂਪ ਵਿਚ
2.1.4 ਪਹਿਚਾਣ ਅਤੇ ਪਹਿਚਾਣ-ਨਿਰਮਾਣ
2.1.5 ਪਹਿਚਾਣ ਦੀਆਂ ਕਿਸਮਾਂ
2.1.6 ਸਕੂਲੀ ਸਿੱਖਿਆ
2.1.7 ਸਕੂਲੀ ਸਿੱਖਿਆ ਅਤੇ ਪਹਿਚਾਣ ਨਿਰਮਾਣ
2.1.8 ਪਹਿਚਾਣ ਨਿਰਮਾਣ ਲਈ ਸਕੂਲੀ ਸਿੱਖਿਆ ਵਿੱਚ ਹੋਣ ਵਾਲੀਆਂ ਕਿਰਿਆਵਾਂ
2.1.9 ਸਿੱਟਾ
2.1.10 ਸੁਝਾਏ ਪ੍ਰਸ਼ਨ
2.1.11 ਤਜਵੀਜ਼ਤ ਪਾਠ ਸਮੱਗਰੀ

### 2.1.1 ਉਦੇਸ਼ :

ਇਹ ਪਾਠ ਪੜ੍ਹਨ ਤੋਂ ਬਾਅਦ ਵਿਦਿਆਰਥੀ ਇਹ ਸਮਝਣ ਯੋਗ ਹੋ ਜਾਵੇਗਾ ਕਿ :

1. ਪਹਿਚਾਣ ਕੀ ਹੈ।
2. ਪਹਿਚਾਣ ਦੀਆਂ ਕਿਸਮਾਂ ਕਿਹੜੀਆਂ ਹਨ।
3. ਪਹਿਚਾਣ ਨਿਰਮਾਣ ਕੀ ਹੈ।
4. ਸਕੂਲੀ ਸਿੱਖਿਆ ਪਹਿਚਾਣ ਨਿਰਮਾਣ ਵਿੱਚ ਕਿਵੇਂ ਯੋਗਦਾਨ ਪਾਉਂਦੀ ਹੈ।
5. ਸਕੂਲੀ ਸਿੱਖਿਆ ਦੌਰਾਨ ਪਹਿਚਾਣ ਨਿਰਮਾਣ ਲਈ ਕਿਹੜੀਆਂ ਕਿਰਿਆਵਾਂ ਕਰਵਾਈਆਂ ਜਾਂਦੀਆਂ ਹਨ।

### 2.1.2 ਭੂਮਿਕਾ :

ਜੀਵਾਂ ਦੀ ਸ਼੍ਰੇਣੀ ਵਿਚ ਮਨੁੱਖ ਇਸ ਲਈ ਭਿੰਨ ਹੈ ਕਿਉਂਕਿ ਉਹ ਗਿਆਨ ਸਬੰਧੀ ਯੋਗਤਾਵਾਂ ਦੇ ਵਿਕਸਿਤ ਹੋਣ ਕਰਕੇ ਤਰਕਸ਼ੀਲ ਬਣ ਗਿਆ ਹੈ । ਸਿੱਖਿਆ ਵੱਖ-ਵੱਖ ਢੰਗਾਂ ਦੁਆਰਾ ਮਨੁੱਖ ਦੀਆਂ ਗਿਆਨਾਤਮਕ ਯੋਗਤਾਵਾਂ ਦੇ ਵਿਕਾਸ ਵਿਚ ਸਹਾਇਤਾ ਕਰਦੀ ਹੈ ਅਤੇ ਮਨੁੱਖ ਨੂੰ ਤਰਕਸ਼ੀਲ ਬਣਾਉਂਦੀ ਹੈ । ਬੱਚਾ ਪਹਿਲੀ ਸਿੱਖਿਆ ਉਸ ਪਰਿਵਾਰ ਵਿੱਚੋਂ ਹੀ ਪ੍ਰਾਪਤ ਕਰਦਾ ਹੈ ਜਿਸ ਵਿਚ ਉਹ ਪੈਦਾ ਹੁੰਦਾ ਹੈ ਅਤੇ ਉਸ ਤੋਂ ਬਾਅਦ ਉਹ ਆਪਣੇ ਆਲ੍ਹੇਦੁਆਲੇ ਅਤੇ ਸਮੁਦਾਇ ਦੇ ਸਪੰਰਕ ਵਿਚ ਆਉਂਦਾ ਹੈ ਜਿਹੜਾ ਕਿ ਬੱਚੇ ਦੀ ਸਿੱਖਿਆ ਵਿਚ ਇਕ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ ।ਇਮਾਇਲ ਦੁਰਖੀਮ ਦੇ ਅਨੁਸਾਰ, ਸਿੱਖਿਆ, ਪੁਰਾਣੀਆਂ ਪੀੜੀਆਂ ਦੁਆਰਾ ਨਵੀਆਂ ਪੀੜੀਆਂ ਜਿਹੜੀਆਂ ਕਿ ਅਜੇ ਸਮਾਜਿਕ ਜੀਵਨ ਲਈ ਤਿਆਰ ਨਹੀਂ, ਨੂੰ ਦਿੱਤੇ ਜਾਣ ਵਾਲੇ

ਉਹ ਅਨੁਭਵ ਹਨ ਜਿਹੜੇ ਬੱਚੇ ਵਿਚ ਉਹ ਸਰੀਰਕ, ਬੋਧਿਕ ਅਤੇ ਨੈਤਿਕ ਗੁਣ ਵਿਕਸਿਤ ਕਰਦੇ ਹਨ ਜਿਨ੍ਹਾਂ ਦੀ ਸਮਾਜ ਉਨ੍ਹਾਂ ਤੋਂ ਮੰਗ ਕਰਦਾ ਹੈ।

**2.1.3 ਸਕੂਲੀ ਸਿੱਖਿਆ ਪਹਿਚਾਣ ਨਿਰਮਾਣ ਦੀ ਕਿਰਿਆ ਦੇ ਰੂਪ ਵਿਚ :**

ਰਵਾਇਤੀ ਤੌਰ ਤੇ ਪਰਿਵਾਰ ਬੱਚੇ ਨੂੰ ਸਾਰੇ ਅਨੁਭਵ ਪ੍ਰਦਾਨ ਕਰਦਾ ਹੈ ਜਿਹੜੇ ਉਸ ਦੀ ਸ਼ਖ਼ਸੀਅਤ ਦੇ ਵਾਧੇ ਅਤੇ ਵਿਕਾਸ ਲਈ ਜ਼ਰੂਰੀ ਹਨ । ਇਸ ਤੋਂ ਇਲਾਵਾ ਧਾਰਮਿਕ ਸਥਾਨ ਜਿਵੇਂ ਕਿ ਮੰਦਰ,ਮਸਜਿਦ,ਗੁਰਦੁਆਰੇ ਅਤੇ ਚਰਚ ਆਦਿ ਵੀ ਇਸ ਉਦੇਸ਼ ਦੀ ਪੂਰਤੀ ਵਿਚ ਸਹਾਇਕ ਸਿੱਧ ਹੁੰਦੇ ਹਨ।ਪ੍ਰਾਚੀਨ ਸਮੇ ਦੋਰਾਨ ਜ਼ਿੰਦਗੀ ਬੜੀ ਸਾਧਾਰਨ ਹੁੰਦੀ ਸੀ ਅਤੇ ਮਨੁੱਖ ਨੇ ਕੁਝ ਪੂਰਵ ਨਿਰਧਾਰਤ ਅਤੇ ਸਥਾਈ ਭੂਮਿਕਾਵਾਂ ਹੀ ਨਿਭਾਉਣੀਆਂ ਹੁੰਦੀਆਂ ਸਨ ਜਿਨ੍ਹਾਂ ਦੀ ਸਿਖਲਾਈ ਉਸ ਨੂੰ ਪਰਿਵਾਰ ਅਤੇ ਸਮੁਦਾਇ ਤੋਂ ਉਸ ਦੇ ਪਾਲਣ ਪੋਸ਼ਣ ਦੌਰਾਨ ਹੀ ਦੇ ਦਿੱਤੀ ਜਾਂਦੀ ਸੀ ।

ਪਰ ਅਜੋਕੇ ਆਧੁਨਿਕ , ਉਦਯੋਗਿਕ ਅਤੇ ਤਕਨੀਕੀ ਰੂਪ ਵਿਚ ਵਿਕਸਿਤ ਸਮਾਜ ਵਿਚ ਸਥਿਤੀ ਬਹੁਤ ਗੁੰਝਲਦਾਰ ਬਣ ਗਈ ਹੈ ਜਿਥੇ ਇਕ ਵਿਅਕਤੀ ਨੇ ਭਿੰਨ-ਭਿੰਨ ਭੁਮਿਕਾਵਾਂ ਨਿਭਾਉਣੀਆਂ ਹੁੰਦੀਆ ਹਨ ਅਤੇ ਪਰਿਵਾਰ ਅਤੇ ਸਮੁਦਾਇ ਇਸ ਵਿਚ ਸੰਤੋਸ਼ਜਨਕ ਸਹਾਇਤਾ ਨਹੀ ਕਰ ਸਕਦੇ ।ਵਿਅਕਤੀ ਦੀ ਹੋਂਦ ਦੇ ਘੇਰੇ ਵਿਚ ਸਰੀਰਕ,ਮਾਨਸਿਕ ਅਤੇ ਸਮਾਜਿਕ ਸੇਵਾਵਾਂ ਆਉਂਦੀਆਂ ਹਨ ਕਿਉਕਿ ਜਿਸ ਸਮਾਜ ਵਿਚ ਵਿਅਕਤੀ ਰਹਿੰਦਾ ਹੈ ਉਸ ਦੇ ਆਪਣੇ ਨਿਯਮ,ਕਿਰਿਆਵਾਂ, ਰਹਿਣ-ਸਹਿਣ ਦਾ ਢਾਂਚਾ ,ਸਮਾਯੋਜਨ ਦੇ ਨਿਯਮ,ਰਸਮੋ ਰਿਵਾਜ਼ ਹਨ । ਇਹਨਾਂ ਹਾਲਾਤਾਂ ਵਿਚ ਪਰਿਵਾਰ ਅਤੇ ਸਮੁਦਾਇ ਤੋ ਇਲਾਵਾ ਕਿਸੇ ਹੋਰ ਸਾਧਨ , ਜਿਸ ਦੁਆਰਾ ਬੱਚੇ ਦਾ ਸਰਵਪੱਖੀ ਅਤੇ ਪੂਰਨ ਵਿਕਾਸ ਹੋ ਸਕੇ ਦੀ ਜ਼ਰੂਰਤ ਪੈਦੀ ਹੈ । ਇਹ ਜ਼ਿੰਮੇਵਾਰੀ ਰਸਮੀ ਸਿੱਖਿਆ ਦੀਆਂ ਸੰਸਥਾਵਾ ਜਿਵੇਂ ਕਿ ਸਕੂਲ,ਕਾਲਜ, ਯੂਨੀਵਰਸਿਟੀਆਂ ਨੂੰ ਸੌਂਪੀ ਜਾਂਦੀ ਹੈ ਤਾਂ ਜੋ ਉਹ ਬੱਚੇ ਵਿਚ ਉਚਿਤ ਮੁੱਲ , ਵਿਵਹਾਰਿਕ ਮੁੱਲ ਅਤੇ ਗਿਆਨਾਤਮਕ ਮੁੱਲਾਂ ਦਾ ਵਿਕਾਸ ਕਰਨ ਅਤੇ ਬੱਚਾ ਆਪਣੇ ਆਪ ਨੂੰ ਲੋਕਤੰਤਰੀ ਧਰਮ੍ਨਿਰਪੱਖ ਅਤੇ ਸਮਾਨਤਾਵਾਦੀ ਸਮਾਜ ਵਿਚ ਸਮਾਯੋਜਨ ਦੇ ਯੋਗ ਬਣਾ ਸਕੇ ਅਤੇ ਇਕ ਰਾਸ਼ਟਰੀ , ਧਰਮ੍ਨਿਰਪੱਖ ਅਤੇ ਮਾਨਵਵਾਦੀ ਹੋਂਦ ਦਾ ਨਿਰਮਾਣ ਕਰ ਸਕੇ ।ਸਕੂਲ ਵਿਦਿਆਰਥੀ ਨੂੰ ਵਿਭਿੰਨ ਕਿਰਿਆਵਾਂ ਵਿਚ ਭਾਗ ਲੈਣ ਦਾ ਮੌਕਾ ਪ੍ਰਦਾਨ ਕਰਦਾ ਹੈ ਜਿਸ ਨਾਲ ਉਸ ਅੰਦਰ ਉਸ ਗਿਆਨ ਅਤੇ ਉਹਨਾਂ ਕੌਸ਼ਲਾਂ ਦਾ ਵਿਕਾਸ ਹੁੰਦਾ ਹੈ ਜਿਹੜੀਆਂ ਉਸ ਨੂੰ ਵਿਭਿੰਨ ਪ੍ਰੌੜ ਭੂਮਿਕਾਵਾਂ ਨਿਭਾਉਣ ਵਿਚ ਸਹਾਇਤ ਕਰਦੇ ਹਨ ।

**2.1.4 ਪਹਿਚਾਣ ਅਤੇ ਪਹਿਚਾਣ ਨਿਰਮਾਣ :**

ਪਹਿਚਾਣ ਨੂੰ ਅਸੀਮਿਤ ਰੂਪ ਵਿਚ ਪਰਿਭਾਸ਼ਿਤ ਕੀਤਾ ਜਾਂਦਾ ਹੈ ਕਿਉਂਕਿ ਇਸ ਵਿਚ ਬਹੁਤ ਸਾਰੇ ਗੁਣ ਅਤੇ ਯੋਗਤਾਵਾਂ ਸ਼ਾਮਿਲ ਹਨ । ਸਾਰੇ ਵਿਅਕਤੀ ਇਕ ਦੂਸਰੇ ਤੋਂ ਅਲੱਗ ਹਨ ਕਿਉਂਕਿ ਸਾਰਿਆਂ ਵਿਚ ਵੱਖਰੇ ਗੁਣ ਅਤੇ ਵੱਖਰੀਆ ਯੋਗਤਾਵਾਂ ਪਾਈਆਂ ਜਾਂਦੀਆਂ ਹਨ ।

**ਪਾਰਕਰ ਜੇ.ਪਾਲਮੇਰ** ਅਨੁਸਾਰ ਇਹ ਵਿਅਕਤੀਆ ਦੇ ਅੰਦਰ ਕੁਦਰਤੀ ਤੌਰ ਤੇ ਵੱਧਣ੍ਫੁੱਲਣ ਵਾਲਾ ਤੱਤ ਹੈ ਜਿਸ ਉਪਰ ਉਸ ਦੇ ਜੀਵਨ ਸੱਭਿਆਚਾਰ, ਉਸਨੂੰ ਚਾਹੁੰਣ ਵਾਲਾ ਵਿਅਕਤੀ, ਉਹ ਵਿਅਕਤੀ ਜਿਨ੍ਹਾਂ ਦੀ ਉਹ ਪਰਵਾਹ ਕਰਦਾ ਹੈ, ਉਹ ਲੋਕ ਜਿਨ੍ਹਾਂ ਨੇ ਉਸਨੂੰ ਨੁਕਸਾਨ ਪਹੁੰਚਾਇਆ ਹੈ , ਉਸ ਦੁਆਰਾ ਕੀਤੇ ਗਏ ਚੰਗੇ ਅਤੇ ਮਾੜੇ ਕੰਮਾਂ ਨਾਲ ਪ੍ਰਾਪਤ ਕੀਤੇ ਅਨੁਭਵ ਅਤੇ ਉਸ ਦੁਆਰਾ ਕੀਤੀ ਗਈ ਚੋਣ ਆਦਿ ਦਾ ਪ੍ਰਭਾਵ ਪੈਂਦਾ ਹੈ। ਇਸ ਵਿਚ ਕਿਸੇ ਵਿਅਕਤੀ ਦੀ ਪਹਿਚਾਣ ਵਿਚ ਨਿਰੰਤਰਤਾ , ਅਨੂਪਤਾ ਦੀ ਭਾਵਨਾ ਅਤੇ ਦੁਸਰਿਆ ਨਾਲ ਜੁੜੇ ਰਹਿਣ ਦੀ ਭਾਵਨਾ ਸ਼ਾਮਿਲ ਹੈ ।

**ਵਿਕਿਪੀਡੀਆ** ਦੇ ਅਨੁਸਾਰ , ਪਹਿਚਾਣ ਨਿਰਮਾਣ , ਸਵੈ ਦੀ ਭਾਵਨਾ ਦੀ ਪ੍ਰਾਪਤੀ ਦੇ ਵਿਕਾਸ ਦੀ ਪ੍ਰੀਕਿਰਿਆ ਹੈ ।ਪਹਿਚਾਣ ਨਿਰਮਾਣ ਦੀ ਪ੍ਰੀਕਿਰਿਆ ਵਿਅਕਤੀਗਤ ਹੋਂਦ ਨਾਲ ਸਬੰਧਿਤ ਮੁੱਦਿਆ ਵੱਲ ਲੈ ਜਾਂਦੀ ਹੈ ਜਿਥੇ ਵਿਅਤਕਤੀ ਆਪਣੇ ਆਪ ਦਾ ਇਕ ਵੱਖਰੀ ਸ਼ਖ਼ਸੀਅਤ ਦੇ ਰੂਪ ਵਿਚ ਵਿਸਤ੍ਰਿਤ ਵਰਣਨ ਕਰਦਾ ਹੈ।ਇਹ ਵਿਅਕਤੀ ਦੇ ਜੀਵਨ ਦੇ ਇਕ ਵਿਸੇਸ ਪੜਾਅ ਤੇ ਇੱਕ ਵੱਖਰੀ ਸ਼ਖ਼ਸੀਅਤ ਦੇ ਰੂਪ ਵਿਚ ਵਿਕਾਸ ਦੀ

ਪ੍ਰਕਿਰਿਆ ਹੈ ਜਿਸ ਅਨੁਸਾਰ ਵਿਅਕਤੀ ਨੂੰ ਉਸ ਦੀਆ ਵਿਅਕਤੀਗਤ ਵਿਸ਼ੇਸ਼ਤਾਵਾਂ ਦੇ ਆਧਾਰ ਤੇ ਪਹਿਚਾਣਿਆ ਜਾਂਦਾ ਹੈ ।

**ਐਰਿਕਸਨ** ਅਨੁਸਾਰ ਵਿਅਕਤੀ ਇਸਨੂੰ ਆਪਣੇ ਕੰਮਾਂ, ਟ੍ਰੇਨਿੰਗ ਅਤੇ ਦੁਸਰਿਆਂ ਮੁਕਾਬਿਲਆਂ ਵਿਚ ਆਪਣੇ ਕੰਮਾਂ ਦੇ ਮੁਲਾਕਣ ਦੁਆਰਾ ਕਰਦਾ ਹੈ।ਐਰਿਕਸਨ ਪਹਿਚਾਣ ਨਿਰਮਾਣ ਲਈ ਅੱਠ ਪੜਾਵਾਂ ਦਾ ਵਰਣਨ ਕਰਦਾ ਹੈ ਜਿਸ ਵਿਚ ਉਹ ਜੈਵਿਕ ਅਤੇ ਸਮਾਜਿਕ ਤੱਤਾਂ ਤੇ ਜ਼ੋਰ ਦਿੰਦਾ ਹੈ । ਐਰਿਕਸਨ ਮੰਨਦਾ ਹੈ ਕਿ ਵਿਅਕਤੀ ਆਪਣੀ ਜ਼ਿੰਦਗੀ ਵਿਚ ਵਿਭਿੰਨ ਕਠਿਨਾਈਆਂ ਅਤੇ ਵਿਵਾਦਾਂ ਦਾ ਸਾਹਮਣਾ ਕਰਦਾ ਹੈ ।ਹਰ ਵਿਵਾਦ ਜ਼ਿੰਦਗੀ ਦੇ ਇਕ ਵਿਸ਼ੇਸ਼ ਪੜਾਅ ਤੇ ਉਤਪੰਨ ਹੁੰਦਾ ਹੈ ਅਤੇ ਹੋਂਦ ਨਿਰਮਾਣ ਦੇ ਅਗਲੇ ਪੜਾਅ ਤੇ ਪਹੁੰਚਣ ਲਈ ਉਸਦਾ ਸਫਲਤਾਪੂਰਵਕ ਹੱਲ ਕਰਨਾ ਜ਼ਰੂਰੀ ਹੈ ।ਇਸ ਤਰਾਂ ਵਿਕਾਸ ਦੇ ਹਰ ਪੜਾਅ ਤੇ ਵਿਅਕਤੀ ਵਿਵਾਦਾਂ ਦਾ ਸਾਹਮਣਾ ਕਰਦਾ ਹੈ ਅਤੇ ਆਪਣੀਆਂ ਵਿਵਹਾਰਿਕ ਤਬਦੀਲੀਆਂ ਦੁਆਰਾ ਉਸਨੂੰ ਸਫਲਤਾਪੂਰਵਕ ਹੱਲ ਕਰਦਾ ਹੈ ।

**ਐਰਿਕਸਨ ਦਾ ਪਹਿਚਾਣ ਨਿਰਮਾਣ ਦਾ ਪੜਾਅ :** ਜੀਵਨ ਦੇ ਇੱਕ ਵਿਸ਼ੇਸ਼ ਪੜਾਅ,(ਕਿਸ਼ੋਰ ਅਵਸਥਾ) , ਦੋਰਾਨ ਪਹਿਚਾਣ ਨਿਰਮਾਣ ਦੀ ਪ੍ਰੀਕਿਰਿਆ ਵਾਪਰਦੀ ਹੈ।ਕਿਸ਼ੋਰ ਇਸ ਪੜਾਅ ਤੇ ਆਪਣੀ ਪਹਿਚਾਣ ਦੇ ਵਿਚ ਬਹੁਤ ਕਠਿਨਾਈਆਂ ਮਹਿਸੂਸ ਕਰਦੇ ਹਨ।ਇਸ ਪੜਾਅ ਤੇ ਇਕ ਅਜੀਬ ਜਿਹਾ ਸਕੰਟ ਪੈਦਾ ਹੁੰਦਾ ਹੈ ਜਿਸਨੂੰ **ਪਹਿਚਾਣ ਅਤੇ ਭੂਮਿਕਾ** ਕਿਹਾ ਜਾਂਦਾ ਹੈ । ਇਸ ਵਿਚ ਕਿਸ਼ੋਰ ਆਪਣੀ ਅਲੱਗ ਅਜਿਹੀ ਪਹਿਚਾਣ ਬਣਾਉਣ ਦੀ ਕੋਸ਼ਿਸ਼ ਕਰਦਾ ਹੈ ਜਿਸਨੂੰ ਉਹ ਆਪਣੀ ਪੂਰੀ ਜ਼ਿੰਦਗੀ ਕਾਇਮ ਰੱਖੇਗਾ।ਐਰਿਕਸਨ ਅਨੁਸਾਰ ਇਹ ਸੰਕਟ ਪਹਿਚਾਣ ਪ੍ਰਾਪਤੀ ਨਾਲ ਹੱਲ ਹੋ ਜਾਂਦਾ ਹੈ । ਇਹ ਉਹ ਬਿੰਦੂ ਹੈ ਜਿਸ ਵਿੱਚ ਵਿਅਕਤੀ ਕੁੱਝ ਟੀਚੇ ਅਤੇ ਮੁੱਲ ਚੁਣ ਲੈਂਦਾ ਹੈ ਅਤੇ ਕੁੱਝ ਅਸਵੀਕਾਰ ਕਰ ਦਿੰਦਾ ਹੈ ਅਤੇ ਆਪਣੇ ਆਪ ਨੂੰ ਪਹਿਚਾਣ ਲੈਂਦਾ ਹੈ ਕਿ ਉਸ ਦੀ ਆਪਣੀ ਇੱਕ ਵਿਲੱਖਣ ਸ਼ਖਸ਼ੀਅਤ ਹੈ ।

ਐਰਿਕਸਨ ਅਨੁਸਾਰ , ਜਦੋਂ ਇਕ ਕਿਸ਼ੋਰ ਪਹਿਚਾਣ ਪ੍ਰਾਪਤੀ ਕਰ ਲੈਂਦਾ ਹੈ ਤਾਂ ਉਹ ਪਹਿਚਾਣ ਨਿਰਮਾਣ ਦੇ ਅਗਲੇ ਪੜਾਅ ਜਿਸਨੂੰ **ਨਿਕਟਤਾ ਅਤੇ ਵਖਰੇਵਾਂ** ਕਿਹਾ ਜਾਂਦਾ ਹੈ, ਵਿਚ ਦਾਖਲ ਹੋ ਜਾਂਦਾ ਹੈ ਜਿੱਥੇ ਉਹ ਮਜ਼ਬੂਤ ਦੋਸਤੀ ਅਤੇ ਦੂਸਰਿਆਂ ਨਾਲ ਨੇੜਤਾ ਦੀ ਭਾਵਨਾ ਬਣਾ ਲੈਂਦਾ ਹੈ। ਜੇ ਪਹਿਚਾਣ ਅਤੇ ਭੂਮਿਕਾ ਅਦਾ ਕਰਨ ਦਾ ਭਰਮ ਵਾਲਾ ਪੜਾਅ ਪ੍ਰਾਪਤ ਨਹੀ ਹੁੰਦਾ ਤਾਂ ਇਕ ਕਿਸ਼ੋਰ ਭਵਿੱਖੀ ਯੋਜਨਾਵਾਂ ਬਾਰੇ ਬਹੁਤ ਸਮਸਿਆਵਾ ਦਾ ਸਾਹਮਣਾ ਕਰਦਾ ਹੈ , ਵਿਸ਼ੇਸ ਰੂਪ ਵਿਚ ਆਪਣੇ ਬਾਲਗ ਹੋਣ ਤੇ ਉਹ ਖਾਸ ਭੂਮਿਕਾ ਨਿਭਾਉਣ ਵਿਚ । ਜਦੋ ਉਹ ਦੂਸਰਿਆਂ ਨਾਲ ਇਕ ਸਾਂਝੀ ਪਛਾਣ ਬਣਾਉਣ ਵਿਚ ਅਸਫਲ ਹੋ ਜਾਂਦਾ ਹੈ ਤਾ ਉਹ ਬਾਲਗ ਹੋਣ ਤੇ ਜ਼ਿੰਦਗੀ ਵਿਚ ਅਸਥਾਈਪਣ ਮਹਿਸੂਸ ਕਰਦਾ ਹੈ । ਇਸ ਤਰ੍ਹਾਂ ਪਹਿਚਾਣ ਨਿਰਮਾਣ ਐਰਿਕਸਨ ਦੇ ਮਨੋਵਿਗਿਅਨਿਕਾਂ ਵਿਕਾਸ ਦੇ ਸਿਧਾਂਤ ਵਿਚ ਇਕ ਬਹੁਤ ਨਾਜ਼ੁਕ ਪੜਾਅ ਮੰਨਿਆ ਜਾਂਦਾ ਹੈ ।

### 2.1.5 ਪਹਿਚਾਣ ਦੀ ਕਿਸਮਾਂ :

ਕਿਸੇ ਵਿਅਕਤੀ ਦੀ ਪਹਿਚਾਣ ਉਸਦੇ ਗਿਆਨ ਅਤੇ ਆਪਣੇ ਆਪ ਨੂੰ ਸਮਝਣ ਦੀਆ ਕੁਸ਼ਲਤਾਵਾਂ ਦਾ ਜੋੜ ਹੈ। ਇਕ ਵਿਅਕਤੀ ਦੀ ਸਵੈ ਧਾਰਨਾ ਸਿਰਫ ਸਵੈ ਚੇਤਨਾ ਨਹੀਂ ਹੈ ਪਰੰਤੂ ਸਵੈ ਧਾਰਨਾ ਦੇ ਤੱਤਾਂ ਵਿਚ ਸਰੀਰਕ, ਮਨੋਵਿਗਿਆਨਿਕ ਅਤੇ ਸਮਾਜਿਕ ਗੁਣ ਵੀ ਸ਼ਾਮਿਲ ਹਨ ਜਿਨਾਂ ਤੇ ਵਿਅਕਤੀ ਦੀਆ ਆਦਤਾਂ, ਵਿਸ਼ਵਾਸ ਅਤੇ ਵਿਚਾਰਾਂ ਦਾ ਪ੍ਰਭਾਵ ਪੈਂਦਾ ਹੈ । ਪਹਿਚਾਣ ਦੀਆ ਕਈ ਕਿਸਮਾਂ ਹਨ ਕਿਉਕਿ ਸੁਖ਼ਸੀਅਤ ਇਕ ਸੁੰਤਤਰ ਤੱਤ ਨਹੀ ਹੈ , ਸਗੋਂ ਅਲੱਗ-ਅਲੱਗ ਗੁਣਾਂ ਦਾ ਮਿਸ਼ਰਣ ਹੈ।

**1. ਸੱਭਿਆਚਾਰਕ ਪਹਿਚਾਣ :** ਇਤਿਹਾਸਿਕ ਸੱਭਿਆਚਾਰ ਵਿਅਕਤੀਗਤ ਪਹਿਚਾਣ ਨੂੰ ਵੀ ਪ੍ਰਭਾਵਿਤ ਕਰਦਾ ਹੈ । ਸੱਭਿਆਚਾਰਕ ਪਹਿਚਾਣ ਇਕ ਸਮੂਹ ਦੀ ਵਿਅਕਤੀਆ ਦੀ ਪਛਾਣ ਹੈ ਕਿਉਕਿ ਕਿਸੇ ਵਿਸ਼ੇਸ਼ ਸੱਭਿਆਚਾਰਕ ਸਮੂਹ ਦੇ ਪਹਿਚਾਣ ਸਮੂਹ ਦੇ ਸਾਰੇ ਮੈਂਬਰਾਂ ਦੀ ਪਹਿਚਾਣ ਹੈ ਕਿਉਕਿ ਕਿਸੇ ਵਿਸ਼ੇਸ਼ ਸੱਭਿਆਚਾਰਕ ਸਮੂਹ ਦੀ ਪਹਿਚਾਣ ਸਮੂਹ ਦੇ ਸਾਰੇ ਮੈਂਬਰਾਂ ਦੀ ਪਹਿਚਾਣ ਨੂੰ ਪ੍ਰਭਾਵਿਤ ਕਰਦੀ ਹੈ ।ਵਿਅਕਤੀ

ਇਸ ਸਮੂਹ ਦੀ ਸੱਭਿਆਚਾਰਕ ਪਹਿਚਾਣ ਦੇ ਕੁਝ ਪੱਖ ਸਵੀਕਾਰ ਕਰ ਲੈਂਦਾ ਹੈ ਅਤੇ ਕੁਝ ਅਸਵੀਕਾਰ ਕਰ ਦਿੰਦਾ ਹੈ ।

**2. ਵਿਵਸਾਇਕ ਪਹਿਚਾਣ :** ਇਹ ਇਕ ਵਿਅਕਤੀ ਦੀ ਉਸਦੇ ਵਿਵਸਾਇ ਕਾਰਣ ਪਛਾਣ ਹੈ ਕਿਉਕਿ ਇਕ ਵਿਅਕਤੀ ਆਪਣੇ ਵਿਵਸਾਇ ਨਾਲ ਇਸ ਲਈ ਵੀ ਪਛਾਣਿਆ ਜਾਂਦਾ ਹੈ ਕਿ ਵਿਵਸਾਇ ਵਿਚ ਉਸਦੀ ਕੀ ਭੂਮਿਕਾ ਹੈ, ਕੀ ਜ਼ਿੰਮੇਵਾਰੀਆਂ ਹਨ ਅਤੇ ਵਿਵਸਾਇ ਉਸ ਤੋ ਕਿਹੋ ਜਿਹੀ ਨੈਤਿਕ ਮੁੱਲਾਂ ਦੀ ਮੰਗ ਕਰਦਾ ਹੈ ।

**3. ਜਾਤੀ/ਨਸਲੀ ਪਹਿਚਾਣ :** ਜਾਤੀ ਹੋਂਦ ਅਜਿਹੀ ਪਹਿਚਾਣ ਹੈ ਜਿਹੜੀ ਵਿਅਕਤੀ ਦੇ ਪੂਰਵਜਾਂ ਤੋ ਉਸਨੂੰ ਮਿਲਦੀ ਹੈ ।ਸਧਾਰਣ ਤੋਰ ਤੇ ਵਿਅਕਤੀ ਦੂਜਿਆਂ ਦੁਆਰਾ ਕਿਸੇ ਵਿਸ਼ੇਸ਼ ਜਾਤੀ ਸਮੂਹ ਨਾਲ ਸੰਬੰਧਤ ਹੋਣ ਕਾਰਨ ਪਹਿਚਾਣਿਆ ਜਾਂਦਾ ਹੈ ।ਜਾਤੀ ਗਰੁਪ ਸਾਂਝੇ ਸੱਭਿਆਚਾਰ, ਵਿਵਹਾਰ, ਭਾਸ਼ਾਈ, ਰਸਮੀ ਅਤੇ ਧਾਰਮਿਕ ਵਿਸ਼ੇਸ਼ਤਾਵਾਂ ਕਰਕੇ ਆਪਸ ਵਿਚ ਜੁੜੇ ਹੁੰਦੇ ਹਨ ।

**4. ਰਾਸ਼ਟਰੀ ਪਹਿਚਾਣ :** ਰਾਸ਼ਟਰੀ ਪਹਿਚਾਣ ਇਕ ਨਸਲੀ ਅਤੇ ਦਾਰਸ਼ਨਿਕ ਧਾਰਨਾ ਹੈ ਜਿੱਥੇ ਸਾਰੇ ਵਿਅਕਤੀ ਸਮੂਹਾਂ ਵਿਚ ਵੰਡੇ ਹੁੰਦੇ ਹਨ ਜਿਨਾਂ ਨੂੰ ਰਾਜ ਕਹਿੰਦੇ ਹਨ । ਇਕ ਵਿਸ਼ੇਸ਼ ਰਾਜ ਦੇ ਵਿਅਕਤੀਆਂ ਦੀ ਸ਼ਾਂਝੀ ਪਹੁੰਚ ਹੁੰਦੀ ਹੈ ਤੇ ਸਾਂਝਾ ਮੁੱਢ ਹੂੰਦਾ ਹੈ ਜਿਵੇਂ ਕਿ ਪੰਜਾਬ ਦੇ ਵਿਅਕਤੀ ਪੰਜਾਬੀ , ਹਿਮਾਚਲ ਦੇ ਹਿਮਾਚਲੀ ਆਦਿ ।

**5. ਧਾਰਮਿਕ ਪਹਿਚਾਣ :** ਇਹ ਵਿਅਕਤੀ ਦੁਆਰਾ ਮੰਨੇ ਜਾਂਦੇ ਵਿਸ਼ਵਾਸ ਅਤੇ ਕਿਰਿਆਵਾਂ ਦਾ ਸਮੂਹ ਹੈ ਜਿਸ ਉੱਪਰ ਉਸਦੇ ਰਸਮੋ੍ ਰਿਵਾਜ਼ ਅਤੇ ਰਹਿਣ-ਸਹਿਣ ਆਧਾਰਿਤ ਹੁੰਦਾ ਹੈ । ਇਸ ਵਿਚ ਸੱਭਿਆਚਾਰ, ਰਸਮਾਂ, ਲਿਖਤਾਂ, ਇਤਿਹਾਸ ਮਿੱਥ ਅਤੇ ਵਿਸ਼ਵਾਸ ਅਤੇ ਅਲੋਕਿਕ ਅਨੁਭਵ ਸ਼ਾਮਿਲ ਹਨ । ਇਹ ਪਹਿਚਾਣ ਮਾਤ੍ਪਿਤਾ ਦੇ ਧਾਰਮਿਕ ਸਬੰਧਾਂ ਤੋ ਸ਼ੁਰੂ ਹੁੰਦੀ ਹੈ ਅਤੇ ਹਰ ਵਿਅਕਤੀ ਉਸੇ ਹੀ ਧਾਰਮਿਕ ਪਹਿਚਾਣ ਨੂੰ ਅਪਣਾਉਂਦਾ ਹੈ ।

**6. ਲਿੰਗ ਤੇ ਅਧਾਰਿਤ ਪਹਿਚਾਣ :** ਇਹ ਵਿਅਕਤੀ ਦੇ ਲਿੰਗ ਤੇ ਅਧਾਰਿਤ ਹੈ ਕਿ ਵਿਅਕਤੀ ਔਰਤ ਹੈ ਜਾਂ ਮਰਦ ਜਾਂ ਇਸ ਲਿੰਗ ਜੋੜ ਤੋ ਬਾਹਰ ਹੈ। ਸਮਾਜ ਔਰਤਾਂ ਅਤੇ ਮਰਦਾਂ ਤੋ ਵੱਖ-ਵੱਖ ਵਿਵਹਾਰ, ਗੁਣ, ਵੱਖਰਾ ਸਮਾਜਿਕ ਵਿਵਹਾਰ ਅਤੇ ਰਹਿਣ ਸਹਿਣ ਦੇ ਢੰਗ ਦੀ ਉਮੀਦ ਕਰਦਾ ਹੈ। ਸਮਾਜ ਨੇ ਔਰਤਾਂ ਅਤੇ ਮਰਦਾਂ ਲਈ ਵੱਖਰੇ ਵਿਵਹਾਰਿਕ ਨਿਯਮ ਬਣਾਏ ਹੋਏ ਹਨ ਅਤੇ ਹਰ ਵਿਅਕਤੀ ਨੂੰ ਆਪਣੀ ਲਿੰਗ ਦੇ ਅਧਾਰ ਤੇ ਉਨਾਂ ਨਿਯਮਾਂ ਦੀ ਪਾਲਣਾ ਕਰਨੀ ਪੈਂਦੀ ਹੈ ।

**7. ਅਯੋਗਤਾ ਤੇ ਅਧਾਰਿਤ ਪਹਿਚਾਣ :** ਇਹ ਵਿਅਕਤੀ ਦੀ ਕਿਸੇ ਵਿਸ਼ੇਸ਼ ਅਯੋਗਤਾ ਤੇ ਆਧਾਰਿਤ ਪਹਿਚਾਣ ਹੈ । ਇਸ ਪਹਿਚਾਣ ਵਿਚ ਕੁਝ ਵਿਅਕਤੀ ਸ਼ਾਮਿਲ ਹੁੰਦੇ ਹਨ । ਇਹ ਅਯੋਗਤਾ ਸਰੀਰਕ ਜਾਂ ਮਾਨਸਿਕ ਕਿਸੇ ਵੀ ਤਰ੍ਹਾਂ ਦੀ ਹੋ ਸਕਦੀ ਹੈ ਜਿਵੇਂ ਕਿ ਕਿਸੇ ਵਿਅਕਤੀ ਨੂੰ ਅਧਰੰਗ ਹੈ ਉਹ ਬੋਲ,ਸੁਣ,ਜਾਂ ਦੇਖ ਨਹੀ ਸਕਦਾ ਜਾਂ ਕੋਈ ਵਿਅਕਤੀ ਔਟਿਸਟਿਕ ਹੈ । ਆਟੀਜ਼ਮ ਇਕ ਤਰਾਂ ਦਾ ਮਾਨਸਿਕ ਵਿਕਾਰ ਹੈ ਅਤੇ ਆਟਿਜਮ ਗ੍ਰਸਤ ਵਿਅਕਤੀ ਨੂੰ ਲੋਕਲ, ਰਾਸ਼ਟਰੀ ਜਾਂ ਅੰਤਰ ਰਾਸ਼ਟਰੀ ਪੱਧਰ ਤੇ ਆਟਿਸਟਿਕ ਲੋਕਾਂ ਦੇ ਸਮੁਦਾਇ ਨਾਲ ਜੋੜਿਆ ਜਾਂਦਾ ਹੈ। ਇਹ ਪਹਿਚਾਣ ਵਿਸ਼ੇਸ਼ ਅਯੋਗਤਾ ਨਾਲ ਸਬੰਧਤ ਹੈ ਚਾਹੇ ਕੋਈ ਵਿਅਕਤੀ ਜਨਮ ਤੋ ਹੀ ਇਸ ਅਯੋਗਤਾ ਨਾਲ ਪੀੜਿਤ ਹੋਵੇ ਚਾਹੇ ਜਨਮ ਤੋਂ ਬਾਅਦ ਕਿਸੇ ਵੀ ਦੁਰਘਟਨਾ ਜਾ ਕੁਦਰਤੀ ਤੌਰ ਤੇ ਇਹ ਅਯੋਗਤਾ ਨਾਲ ਗ੍ਰਸਤ ਹੋ ਜਾਵੇ, ਉਸ ਵਿਅਕਤੀ ਨੂੰ ਉਸ ਅਯੋਗਤਾ ਨਾਲ ਹੀ ਸਮਾਜ ਵਿਚ ਪਛਾਣਿਆ ਜਾਂਦਾ ਹੈ ।

### 2.1.6 ਸਕੂਲੀ ਸਿੱਖਿਆ :

ਭਾਵੇਂ ਪਰਿਵਾਰ ਉਹ ਸੰਸਥਾ ਹੈ ਜਿੱਥੇ ਬੱਚੇ ਦੇ ਪਹਿਚਾਣ ਦੀ ਕਿਰਿਆ ਆਰੰਭ ਹੋ ਜਾਂਦੀ ਹੈ ਪਰੰਤੂ ਇਹ ਸੱਭਿਆਚਾਰਕ ਵਿਰਸੇ ਦੇ ਸਥਾਨਾਤਰਨ ਅਤੇ ਬੱਚੇ ਦੇ ਸਰਵਪੱਖੀ ਵਿਕਾਸ ਲਈ ਸੰਤੋਸ਼ਜਨਕ ਨਹੀ ਹੈ ।ਅਜੋਕੇ ਸਮੇ ਵਿਚ ਸਮਾਜ ਦੀ ਬਣਤਰ ਗੁੰਝਲਦਾਰ ਹੋ ਗਈ ਹੈ ਅਤੇ ਇਥੇ ਵਿਅਕਤੀ ਨੂੰ ਕਈ ਤਰ੍ਹਾਂ ਦੀ ਭੂਮਿਕਾ

ਨਿਭਾਉਣੀ ਪੈਂਦੀ ਹੈ ਇਸ ਲਈ ਸਕੂਲ ਵਰਗੀ ਰਸਮੀ ਸਿੱਖਿਆ ਦੀ ਏਜੰਸੀ ਦੀ ਲੋੜ ਮਹਿਸੂਸ ਕੀਤੀ ਗਈ।ਪਹਿਲਾਂ ਸਿੱਖਿਆ ਸਿਰਫ ਬ੍ਰਾਮਹਮਣਾਂ ਲਈ ਸੀ ਜਿੰਨ੍ਹਾਂ ਦਾ ਸਮਾਜ ਵਿਚ ਰੁਤਬਾ ਬਹੁਤ ਉੱਚਾ ਸੀ ਪਰੰਤੂ ਅੱਜ ਕੱਲ ਸਕੂਲੀ ਸਿੱਖਿਆ ਸਾਰੇ ਬੱਚਿਆ ਲਈ ਜਰੂਰੀ ਹੋ ਗਈ ਹੈ।

**ਸਕੂਲੀ ਸਿੱਖਿਆ** ਉਹ ਸਾਰੀ ਸਿੱਖਿਆ ਹੈ ਜਿਹੜੀ ਬੱਚਾ ਸਕੂਲ ਵਿਚ ਪ੍ਰਾਪਤ ਕਰਦਾ ਹੈ। ਸਾਧਾਰਨ ਤੋਰ ਤੇ ਪਹਿਲੀ ਤੋ ਦਸਵੀ ਤੱਕ ਦੀ ਸਿੱਖਿਆ ਨੂੰ ਸਕੂਲ ਸਿੱਖਿਆ ਕਿਹਾ ਜਾਂਦਾ ਹੈ।

**ਸਕੂਲੀ ਸਿੱਖਿਆ** ਵਿਚ ਪਾਠਕ੍ਰਮ ਰਾਹੀ ਵਿਭਿੰਨ ਕਿਰਿਆਵਾ ਦੁਆਰਾ ਵਿਦਿਆਰਥੀ ਵਿਚ ਗਿਆਨ ਅਤੇ ਕੋਸ਼ਲਾ ਦਾ ਵਿਕਾਸ ਕੀਤਾ ਜਾਂਦਾ ਹੈ ।ਇਹ ਸਿੱਖਿਆ ਸਿੱਖਣ ਕੌਸ਼ਲ ਦਾ ਪ੍ਰਯੋਗ ਕਰਦੇ ਹੋਏ ਸਿੱਖਣ ਤਕਨੀਕਾਂ ਅਤੇ ਹੋਰ ਤਕਨੀਕਾਂ ਦੁਆਰਾ ਦਿੱਤੀ ਜਾਂਦੀ ਹੈ।

**ਸਕੂਲੀ ਸਿੱਖਿਆ** ਉਹਨਾ ਸਾਰੇ ਅਨੁਭਵਾਂ ਅਤੇ ਗਿਆਨ ਦਾ ਜੋੜ ਹੈ ਜਿਹੜਾ ਬੱਚਾ ਕਲਾਸ ਦੇ ਕਮਰੇ ਵਿਚ , ਪ੍ਰਯੋਗਸ਼ਾਲਾ ਵਿਚ ਖੇਡ ਦੇ ਮੈਦਾਨ ਵਿਚ, ਲਾਇਬ੍ਰੇਰੀ ਵਿਚ ਜਾਂ ਵਰਕਸ਼ਾਪ ਵਿਚ ਪ੍ਰਾਪਤ ਕਰਦਾ ਹੈ।ਸਕੂਲੀ ਸਿੱਖਿਆ ਦੋਰਾਨ ਵਿਦਿਆਰਥੀ ਵਿਚ ਬਹੁਤ ਸਾਰੇ ਕੋਸ਼ਲਾਂ ਦਾ ਵਿਕਾਸ ਹੁੰਦਾ ਹੈ ਜਿਹਨਾਂ ਦੁਆਰਾ ਵਿਦਿਆਰਥੀ ਅਨੁਸ਼ਾਸਨ ਵਿਚ ਰਹਿਣ ਦੇ ਢੰਗ ਸਿੱਖਦੇ ਹਨ ਸੱਭਿਅਕ ਤੌਰ ਤਰੀਕੇ ਸਿੱਖਦੇ ਹਨ ਅਤੇ ਆਪਣੀ ਪ੍ਰਤਿਭਾ ਨੂੰ ਪਹਿਚਾਣਦੇ ਹਨ।

**ਸਕੂਲੀ ਸਿੱਖਿਆ** ਬੱਚੇ ਦੀ ਸ਼ਖ਼ਸੀਅਤ ਨੂੰ ਨਿਖਾਰਨ ਦੀ ਪ੍ਰਕਿਰਿਆ ਹੈ। ਸਕੂਲੀ ਸਿੱਖਿਆ ਵਿਚ ਮਾਨਸਿਕ ਸਿਖਲਾਈ, ਚਰਿੱਤਰ ਸਿਖਲਾਈ, ਸਮਾਜਿਕ ਜੀਵਨ ਦੀ ਸਿਖਲਾਈ, ਰਾਸ਼ਟਰੀ ਮੁੱਲਾਂ ਦੀ ਸਿਖਲਾਈ, ਦੇਸ਼ ਭਗਤੀ ਦੀ ਭਾਵਨਾ ਅਤੇ ਸਾਫ-ਸਫਾਈ ਦੀ ਸਿਖਲਾਈ ਵੀ ਸ਼ਾਮਿਲ ਹੈ ।

### 2.1.7 ਸਕੂਲੀ ਸਿੱਖਿਆ ਅਤੇ ਪਹਿਚਾਣ ਨਿਰਮਾਣ :

ਸਕੂਲ ਜਾਣਾ ਉਹ ਪਹਿਲਾ ਪੜਾਅ ਹੈ ਜਿਹੜਾ ਬੱਚੇ ਨੂੰ ਪਰਿਵਾਰ ਤੋ ਦੂਰ ਕਰਦਾ ਹੈ ।ਜਦੋਂ ਬੱਚਾ ਸਕੂਲ ਪ੍ਰਣਾਲੀ ਵਿਚ ਦਾਖਲ ਹੁੰਦਾ ਹੈ ਉਸਨੂੰ ਪਰਿਵਾਰ ਤੋਂ ਇਲਾਵਾ ਦੋ ਵੱਖਰੇ ਮਹੱਤਵਪੂਰਨ ਸਮੂਹ ਮਿਲਦੇ ਹਨ; ਅਧਿਆਪਕ ਅਤੇ ਸਹਿਪਾਠੀ । ਅਧਿਆਪਕ ਪਾਠਕ੍ਰਮ ਦੇ ਅਨੁਸਾਰ ਵਿਦਿਆਰਥੀ ਵਿਚ ਗਿਆਨ ਅਤੇ ਕੋਸ਼ਲਾਂ ਦਾ ਸੰਚਾਰ ਕਰਦੇ ਹਨ ਅਤੇ ਸਹਿਪਾਠੀ ਕਿਸ਼ੋਰ ਅਵਸਥਾ ਦੋਰਾਨ ਉਸ ਤੇ ਬਹੁਤ ਜ਼ਿਆਦਾ ਪ੍ਰਭਾਵ ਪਾਉਦੇ ਹਨ ਕਿਉਕਿ ਕਿਸ਼ੋਰ ਅਵਸਥਾ ਦੌਰਾਨ ਵਿਦਿਆਰਥੀ ਤੇ ਸਭ ਤੋਂ ਜ਼ਿਆਦਾ ਪ੍ਰਭਾਵ ਉਸਦੇ ਦੋਸਤਾਂ ਅਤੇ ਸਹਿਪਾਠੀਆ ਦਾ ਹੀ ਪੈਂਦਾ ਹੈ । ਇਸ ਅਵਸਥਾ ਦੋਰਾਨ ਵਿਦਿਆਰਥੀ ਆਪਣੇ ਮੁਤਾਬਕ ਅਤੇ ਆਪਣੇ ਸੁਭਾਅ ਅਨੁਸਾਰ ਸਹਿਪਾਠੀ ਸਮੂਹ ਵਿਚ ਭਾਗੀਦਾਰੀ ਕਰਦਾ ਹੈ । ਇਸ ਅਵਸਥਾ ਦੌਰਾਨ ਪਾਈ ਗਈ ਦੋਸਤੀ ਬਹੁਤ ਗਹਿਰੀ ਹੁੰਦੀ ਹੈ । ਕਾਲਜ ਅਤੇ ਯੂਨੀਵਰਸਿਟੀ ਦੋਰਾਨ ਸਹਿਪਾਠੀ ਸਮੂਹ ਦਾ ਪ੍ਰਭਾਵ ਵੀ ਵਿਅਕਤੀ ਦੀ ਪਹਿਚਾਣ ਤੇ ਬਹੁਤ ਜ਼ਿਆਦਾ ਪੈਂਦਾ ਹੈ ਕਿਉਂਕਿ ਇਸ ਪੱਧਰ ਤੇ ਉਹ ਉਸ ਸਮੂਹ ਦੀ ਚੋਣ ਕਰਦਾ ਹੈ ਜਿਸ ਨਾਲ ਉਸਦੇ ਟੀਚੇ, ਮਨੋਰਥ, ਅਕਾਦਮਿਕ ਉਦੇਸ਼ ਅਤੇ ਚਰਿੱਤਰ ਦੀਆਂ ਵਿਸ਼ੇਸ਼ਤਾਵਾਂ ਮਿਲਦੀਆ ਹੋਣ।ਅਕਾਦਮਿਕ ਅਨੁਭਵ ਵਿਅਕਤੀ ਨੂੰ ਬਹੁਤ ਸਾਰੀਆ ਚੁਣੋਤੀਆਂ ਪ੍ਰਦਾਨ ਕਰਦੇ ਹਨ ਜਿਨਾਂ ਦਾ ਸਾਹਮਣਾ ਕਰਨ ਲਈ ਉਹਨਾਂ ਨੂੰ ਆਪਣੀ ਪਹਿਚਾਣ ਅਤੇ ਯੋਗਤਾਵਾਂ ਦੀ ਜਾਣਕਾਰੀ ਜ਼ਰੂਰੀ ਹੋ ਜਾਂਦੀ ਹੈ ਜਿਵੇਂ ਕਿ ਉਹਨਾਂ ਦੇ ਵਿਸ਼ਵਾਸ ਕੀ ਹਨ, ਉਹ ਕੀ ਕਰਨਾ ਚਾਹੁੰਦੇ ਹਨ, ਅਤੇ ਕਿਸ ਨਾਲ ਰਹਿਣਾ ਚਾਹੁੰਦੇ ਹਨ ਆਦਿ।

ਸਕੂਲ ਸਿੱਖਿਆ ਦੇ ਦੋਰਾਨ ਕਿਸ਼ੋਰਾਂ ਕੋਲ ਚੰਗੇ ਮੌਕੇ ਹੁੰਦੇ ਹਨ ਕਿ ਉਹ ਆਪਣੀ ਯੋਗਤਾ ਅਨੁਸਾਰ ਵਿਸ਼ੇ ਚੁਣ ਕੇ ਆਪਣੀ ਹੋਂਦ ਵੱਲ ਕਦਮ ਵਧਾ ਸਕਦੇ ਹਨ। ਉਹ ਵਿਦਿਆਰਥੀ ਜਿਹੜੇ ਉਹਨਾਂ ਵਿਸ਼ਿਆ ਦੀ ਚੋਣ ਕਰਦੇ ਹਨ ਜਿਨਾਂ ਦੀ ਸਮਾਜ ਵਿਚ ਜ਼ਿਆਦਾ ਮੰਗ ਹੈ ਅਤੇ ਸਮਾਜ ਵਿਚ ਆਪਣੀ ਮਜ਼ਬੂਤੀ ਹੋਂਦ ਬਣਾ ਸਕਦੇ ਹਨ। ਵਿਦਿਆਰਥੀ ਦੇ ਸਰਵਪੱਖੀ ਵਿਕਾਸ ਵਿਚ ਪਾਠ ਕਿਰਿਆਵਾਂ ਅਤੇ ਪਾਠ ਸਹਾਇਕ ਕਿਰਿਆਵਾਂ ਦੁਆਰਾ ਸਕੂਲੀ ਸਿੱਖਿਆ ਬਹੁਤ ਸਹਾਇਤਾ ਕਰਦੀ ਹੈ ।

ਸਕੂਲੀ ਸਿੱਖਿਆ ਵਿਦਿਆਰਥੀ ਵਿਚ ਜੀਵਨ ਦੇ ਸਿਰਫ ਉੱਚ ਮੁੱਲਾਂ ਦਾ ਵਿਕਾਸ ਹੀ ਨਹੀ ਕਰਦੀ , ਸਗੋ ਵਿਵਸਾਇਕ ਸਿਖਲਾਈ ਵੀ ਪ੍ਰਦਾਨ ਕਰਦੀ ਹੈ ਅਤੇ ਵਿਦਿਆਰਥੀ ਨੂੰ ਸਕੂਲ ਤੋਂ ਬਾਅਦ ਵਾਲੇ ਮਾਹੌਲ ਲਈ ਤਿਆਰ ਕਰਦੀ ਹੈ ।

ਸਕੂਲੀ ਸਿੱਖਿਆ ਵਿਦਿਆਰਥੀ ਵਿਚ ਰਾਸ਼ਟਰੀ ਧਰਮ ਨਿਰਪੱਖ ਅਤੇ ਮਾਨਵਵਾਦੀ ਮੁੱਲਾਂ ਦਾ ਵਿਕਾਸ ਕਰਕੇ ਰਾਸ਼ਟਰੀ ਏਕਤਾ ਅਤੇ ਅੰਤਰ ਰਾਸ਼ਟਰੀ ਏਕਤਾ ਅਤੇ ਅੰਤਰ੍ਰਾਸ਼ਟਰੀ ਸੂਝ ਦਾ ਵਿਕਾਸ ਕਰਦੀ ਹੈ।

ਸਕੂਲੀ ਸਿੱਖਿਆ ਵਿਦਿਆਰਥੀ ਵਿਚ ਇਕ ਚੰਗੇ ਲੀਡਰ ਦੇ ਗੁਣਾਂ ਦਾ ਵੀ ਵਿਕਾਸ ਕਰਦੀ ਹੈ ਤਾਂ ਕਿ ਉਹ ਸਮਾਜ ਵਿਚ ਆਪਣੀ ਯੋਗਤਾ ਦੇ ਅਧਾਰ ਤੇ ਆਪਣੀ ਪਹਿਚਾਣ ਬਣਾ ਸਕੇ ਅਤੇ ਸਮਾਜ ਨੂੰ ਅਗਵਾਈ ਦੇ ਸਕੇ।

**2.1.8 ਪਹਿਚਾਣ ਨਿਰਮਾਣ ਲਈ ਸਕੂਲੀ ਸਿੱਖਿਆ ਵਿਚ ਹੋਣ ਵਾਲੀਆਂ ਕਿਰਿਆਵਾਂ :**

ਰੋਜ਼ਰ ਦੇ ਅਨੁਸਾਰ, ਵਿਅਕਤੀ ਆਪਣੇ ਜੀਵਨ ਦੋਰਾਨ ਆਪਣੇ ਅਨੁਭਵਾਂ ਦੁਆਰਾ, ਦੁਸਰਿਆਂ ਦੇ ਅਨੁਭਵਾਂ ਦੁਆਰਾ ਅਤੇ ਸਮਾਜ ਵਿਚ ਰਹਿੰਦੇ ਹੋਏ ਸਮਾਜ ਦੇ ਅਨੁਭਵਾਂ ਤੋ ਆਪਣੇ ਪਹਿਚਾਣ ਵਿਕਸਿਤ ਕਰਦਾ ਹੈ।ਸਕੂਲ ਵੀ ਪਹਿਚਾਣ ਨਿਰਮਾਣ ਵਿਚ ਵਿਭਿੰਨ ਪਾਠ ਅਤੇ ਪਾਠ ਸਹਾਇਕ ਕਿਰਿਆਵਾਂ ਦੁਆਰਾ ਇਕ ਛੋਟੇ ਸਮਾਜ ਵਜੋ ਕੰਮ ਕਰਦਾ ਹੈ ।ਸਕੂਲੀ ਸਿੱਖਿਆ ਵੱਖ-ਵੱਖ ਕਿਰਿਆਵਾਂ ਦੁਆਰਾ ਬੱਚੇ ਵਿਚ ਕਈ ਯੋਗਤਾਵਾ ਦਾ ਵਿਕਾਸ ਕਰਦੀ ਹੈ ਜਿਵੇਂ ਕਿ ਇਕੱਲੇਪਣ ਤੇ ਕਾਬੂ ਪਾਉਣਾ, ਸਮਾਜ ਵਿਚ ਦੂਸਰੇ ਲੋਕਾ ਨਾਲ ਮਿਲ ਕੇ ਰਹਿਣਾ, ਸਭਿਆਚਾਰ ਮੁੱਲ , ਵਿਵਹਾਰਿਕ ਮੁੱਲ , ਅਨੁਸ਼ਾਸ਼ਨ ਵਿਚ ਰਹਿਣਾ , ਟੀਮ ਵਰਕ, ਵੱਡਿਆ ਦਾ ਸਤਿਕਾਰ ਕਰਨਾ, ਹਮਦਰਦੀ , ਸਹਿਨਸ਼ੀਲਤਾ ਅਤੇ ਪ੍ਰੇਮ ਆਦਿ । ਉਹ ਕਿਰਿਆਵਾਂ,ਜਿਹੜੀਆਂ ਵਿਦਿਆਰਥੀ ਦੀ ਪਹਿਚਾਣ ਨਿਰਮਾਣ ਵਿਚ ਸਹਾਇਤਾ ਕਰਦੀਆਂ ਹਨ ਸਕੂਲੀ ਸਿੱਖਿਆਂ ਦਾ ਅਨਿਖੜਵਾਂ ਅੰਗ ਹਨ । ਵਾਦ-ਵਿਵਾਦ, ਭਾਸ਼ਣ ਪ੍ਰਤਿਯੋਗਤਾਵਾ, ਨਾਟਕ ਖੇਡਣਾ, ਸਕੂਲ ਦੇ ਰਸਾਲੇ ਵਿਚ ਲੇਖ ਲਿਖਣਾ, ਕਲੱਬਾਂ ਵਿਚ ਭਾਗ ਲੈਣ ਵਰਗੀਆ ਕਿਰਿਆਵਾਂ ਸਕੂਲੀ ਪਾਠਕ੍ਰਮ ਦਾ ਜ਼ਰੂਰੀ ਹਿੱਸਾ ਹਨ। 1952-53 ਦਾ ਸੈਕੰਡਰੀ ਸਿੱਖਿਆ ਕਮਿਸ਼ਨ ਪਾਠ ਸਹਾਇਕ ਕਿਰਿਆਵਾਂ ਦੀ ਮਹੱਤਤਾ ਇਹਨਾਂ ਸ਼ਬਦਾਂ ਵਿਚ ਪ੍ਰਗਟ ਕਰਦਾ ਹੈ, "ਸਕੂਲ ਦੇ ਪਾਠਕ੍ਰਮ ਦਾ ਪਾਠ ਸਹਾਇਕ ਕਿਰਿਆਵਾਂ ਵੀ ਇੱਕ ਅਟੁੱਟ ਅੰਗ ਹਨ ਅਤੇ ਜੇ ਇਹ ਕਿਰਿਆਵਾਂ ਉੱਚਿਤ ਢੰਗ ਨਾਲ ਸੰਗਠਿਤ ਕੀਤੀਆਂ ਜਾਣ ਅਤੇ ਵਿਦਿਆਰਥੀ ਇਹਨਾ ਵਿਚ ਤਨ੍ਮਨ ਨਾਲ ਹਿੱਸਾ ਲੈਣ ਤਾਂ ਇਹ ਵਿਦਿਆਰਥੀਆਂ ਦੀ ਸ਼ਖਸ਼ੀਅਤ ਉੱਤੇ ਵਿਸ਼ੇਸ਼ ਰੂਪ ਵਿਚ ਧਰਮ ਨਿਰਪੱਖ , ਰਾਸ਼ਟਰੀ ਅਤੇ ਮਾਨਵਵਾਦੀ ਪਹਿਚਾਣ ਤੇ ਬਹੁਤ ਮਹੱਤਵਪੂਰਨ ਪ੍ਰਭਾਵ ਪਾਉਦੀਆਂ ਹਨ"। ਇਹ ਕਿਰਿਆਵਾਂ ਹੇਠ ਲਿਖਿਆਂ ਹਨ ।

**1 ਸਾਹਿਤਕ ਕਲੱਬ :** ਉਹ ਵਿਦਿਆਰਥੀ ਜਿਹੜੇ ਸਾਹਿਤਕ ਕਲੱਬਾਂ ਦੀਆਂ ਕਿਰਿਆਵਾਂ ਵਿਚ ਭਾਗ ਲੈਂਦੇ ਹਨ ਸੁੰਤਤਰ ਅਤੇ ਰਸਮੀ ਰੂਪ ਵਿਚ ਕੰਮ ਕਰਨਾ ਸਿੱਖ ਜਾਂਦੇ ਹਨ । ਸਾਹਿਤਕ ਕਲੱਬ ਸਿਰਫ ਵਿਦਿਆਰਥੀਆਂ ਨੂੰ ਹੀ ਸਿਖਲਾਈ ਨਹੀ ਦਿੰਦੇ ਹਨ ਸਗੋਂ ਅਧਿਆਪਕ ਵੀ ਨਿਰਸੰਕੋਚ ਅਤੇ ਸੁੰਤਤਰ ਰੂਪ ਵਿਚ ਕੰਮ ਕਰਨਾ ਸਿੱਖ ਜਾਂਦੇ ਹਨ । ਸਾਹਿਤਕ ਕਲੱਬਾਂ ਦੁਆਰਾ ਕਰਵਾਈਆ ਜਾਣ ਵਾਲੀਆ ਕਿਰਿਆਵਾਂ ਵਿਚ ਭਾਗ ਲੈਣ ਲਈ ਵਿਦਿਆਰਥੀ ਕਈ ਸਾਧਨਾਂ ਤੋਂ ਜਾਣਕਾਰੀ ਇਕੱਠੀ ਕਰਦੇ ਹਨ ਜਿਵੇਂ ਇੰਟਰਨੈੱਟ ਲਾਈਬ੍ਰੇਰੀ, ਅਖਬਾਰਾਂ ਆਦਿ ਜਿਸ ਨਾਲ ਉਨਾਂ ਦੇ ਗਿਆਨ ਵਿਚ ਬਹੁਤ ਵਾਧਾ ਹੁੰਦਾ ਹੈ । ਅਧਿਆਪਕ ਵੀ ਇਹ ਕਿਰਿਆਵਾਂ ਸੰਗਠਿਤ ਕਰਨ ਲਈ ਬਹੁਤ ਮਿਹਨਤ ਕਰਦੇ ਹਨ ਅਤੇ ਉਪਲੱਬਧ ਸ੍ਰੋਤਾਂ ਤੋ ਵੱਧ ਤੋ ਵੱਧ ਜਾਣਕਾਰੀ ਇਕੱਠੀ ਕਰਦੇ ਹਨ ਜਿਸ ਨਾਲ ਉਨਾਂ ਦੇ ਗਿਆਨ ਦਾ ਵੀ ਨਵੀਨੀਕਰਨ ਹੁੰਦਾ ਰਹਿੰਦਾ ਹੈ ਅਤੇ ਗਿਆਨ ਵਿਚ ਵਾਧਾ ਵੀ ਹੁੰਦਾ ਹੈ । ਇਹ ਕਲੱਬ ਵਿਦਿਆਰਥੀਆਂ ਨੂੰ ਵਿਭਿੰਨ ਮੁੱਦਿਆ ਤੇ ਆਪਣੇ ਵਿਚਾਰ ਸੁਤੰਤਰ ਰੂਪ ਵਿਚ ਪ੍ਰਗਟ ਕਰਨ ਦਾ ਮੌਕਾ ਵੀ ਦਿੰਦੇ ਹਨ ।

**2 ਵਿਸਥਾਰ ਭਾਸ਼ਣ :** ਸਕੂਲਾਂ ਦੇ ਵਿਚ ਵਿਸ਼ਾ ਮਾਹਿਰਾਂ, ਸਿੱਖਿਆ ਸ਼ਾਸਤਰੀਆਂ ਅਤੇ ਕਿਸੇ ਹੋਰ ਕੰਮ ਵਿਚ ਮਾਹਿਰ ਵਿਅਕਤੀਆ ਦੇ ਵਿਸਥਾਰ ਭਾਸ਼ਣ ਕਰਵਾਏ ਜਾਂਦੇ ਹਨ ਜਿਸ ਨਾਲ ਵਿਦਿਆਰਥੀਆ ਦੇ ਸਿਰਫ ਅਕਾਦਮਿਕ ਗਿਆਨ ਵਿਚ ਹੀ ਵਾਧਾ ਨਹੀ ਹੁੰਦਾ ਸਗੋ ਦੂਸਰਿਆ ਦੇ ਵਿਚਾਰ , ਉਹ ਉਸ ਦੇ ਪੱਖ ਵਿਚ ਹਨ ਜਾਂ ਵਿਰੋਧ ਵਿਚ , ਸੁਣਨ ਦੀ ਸ਼ਕਤੀ ਅਤੇ ਯੋਗਤਾ ਦਾ ਵਿਕਾਸ ਵੀ ਹੁੰਦਾ ਹੈ । ਇਸ ਤਰਾਂ ਦੇ ਪ੍ਰੋਗਰਾਮਾਂ ਵਿਚ

ਹਿੱਸਾ ਲੈਣ ਨਾਲ ਵਿਦਿਆਰਥੀਆਂ ਦੇ ਸਵੈ ਵਿਸ਼ਵਾਸ ਵਿਚ ਵਾਧਾ ਹੁੰਦਾ ਹੈ । ਵਿਦਿਆਰਥੀ ਵਕਤਾ ਨੂੰ ਧਿਆਨ ਨਾਲ ਸੁਣਦੇ ਹਨ ਅਤੇ ਦੂਜਿਆਂ ਸਾਹਮਣੇ ਆਤਮ-ਵਿਸ਼ਵਾਸ ਨਾਲ ਬੋਲਣਾ ਸਿੱਖਦੇ ਹਨ । ਵਿਸਥਾਰ ਭਾਸ਼ਣਾ ਦੁਆਰਾ ਅਲੱਗ-ਅਲੱਗ ਖੇਤਰਾਂ ਵਿਚ ਵਿਦਿਆਰਥੀਆਂ ਦੇ ਗਿਆਨ ਵਿਚ ਵਾਧਾ ਹੁੰਦਾ ਹੈ ।

**3 ਸਕੂਲ ਦਾ ਰਸਾਲਾ :** ਤਕਰੀਬਨ ਸਾਰੀਆਂ ਸਿੱਖਿਆ ਸੰਸਥਾਵਾਂ ਵਿਚ ਸੰਸਥਾ ਦਾ ਆਪਣਾ ਰਸਾਲਾ ਹਰ ਸਾਲ ਪ੍ਰਕਾਸ਼ਿਤ ਕੀਤਾ ਜਾਂਦਾ ਹੈ । ਜਿਸ ਵਿਚ ਵਿਦਿਆਰਥੀਆ ਨੂੰ ਵੱਧ ਚੜ ਕੇ ਆਪਣਾ ਹਿੱਸਾ ਪਾਉਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ । ਇਸ ਰਸਾਲੇ ਦੇ ਰਾਹੀ ਵਿਦਿਆਰਥੀਆ ਵਿਚ ਲਿਖਣ ਦੀ ਛੁਪੀ ਹੋਈ ਪ੍ਰਤਿਭਾ ਸਾਹਮਣੇ ਆਉਂਦੀ ਹੈ । ਉਨਾਂ ਦੀ ਕਲਪਨਾ ਸ਼ਕਤੀ ਅਤੇ ਲਿਖਣ ਦੀ ਸੁਭਾਵਿਕ ਯੋਗਤਾ ਨੂੰ ਹੁੰਗਾਰਾ ਮਿਲਦਾ ਹੈ ਅਤੇ ਆਪਣੀ ਇਸ ਯੋਗਤਾ ਨੂੰ ਉਹ ਲੇਖ,ਕਵਿਤਾਵਾਂ , ਕਹਾਣੀਆਂ ਆਦਿ ਰਾਹੀ ਪ੍ਰਗਟ ਕਰਦੇ ਹਨ। ਭਵਿੱਖ ਦੇ ਲੇਖਕਾਂ ਦਾ ਨਿਰਮਾਣ ਸਕੂਲ ਰਸਾਲੇ ਰਾਹੀ ਹੀ ਹੁੰਦਾ ਹੈ ਅਤੇ ਵਿਦਿਆਰਥੀ ਸੰਪਾਦਕਾ ਨੂੰ ਸੰਸਥਾ ਦੇ ਪ੍ਰਤੀ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਹੁੰਦਾ ਹੈ । ਉਨਾਂ ਵਿਚ ਲੀਡਰਸ਼ਿਪ ਦੀ ਯੋਗਤਾ ਦਾ ਵਿਕਾਸ ਹੁੰਦਾ ਹੈ ਅਤੇ ਸਮਾਜਿਕ ਸਮੱਸਿਆਵਾਂ ਵਿਚ ਰੂਚੀ ਵਿਕਸਿਤ ਹੁੰਦੀ ਹੈ ।

**4 ਵਾਦ-ਵਿਵਾਦ :** ਸਕੂਲਾ ਦੇ ਵਿੱਚ ਵਿਦਿਆਰਥੀਆਂ ਨੂੰ ਸੰਬੰਧਿਤ ਮੁੱਦਿਆਂ ਉੱਤੇ ਦੋਵੇਂ, ਪੱਖ ਅਤੇ ਵਿਰੋਧ ਵਿਚ ਜਾਣਕਾਰੀ ਦੇਣ ਲਈ ਵੱਖ-ਵੱਖ ਵਿਸ਼ਿਆਂ ਤੇ ਵਾਦ-ਵਿਵਾਦ ਕਰਵਾਇਆ ਜਾਂਦਾ ਹੈ । ਵਿਦਿਆਰਥੀ ਮੁੱਦੇ ਦੇ ਸਕਾਰਾਤਮਕ ਅਤੇ ਨਕਾਰਾਤਮਕ ਦੋਵੇ ਪੱਖ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਹਨ। ਵਾਦ ਵਿਵਾਦ ਕਈ ਵਾਰ ਮੌਕੇ ਤੇ ਹੀ ਸੰਗਠਿਤ ਕੀਤੇ ਜਾਂਦੇ ਹਨ ਭਾਵ ਵਿਦਿਆਰਥੀ ਨੂੰ ਪਹਿਲਾਂ ਇਸ ਬਾਰੇ ਜਾਣਕਾਰੀ ਨਹੀ ਦਿੱਤੀ ਜਾਂਦੀ।ਇਹਨਾਂ ਮੁਕਾਬਲਿਆਂ ਦੁਆਰਾ ਵਿਅਕਤੀਆਂ ਦੀ ਸੋਚਣ ਸ਼ਕਤੀ ਅਤੇ ਤਰਕ ਸ਼ਕਤੀ ਦਾ ਵਿਕਾਸ ਹੁੰਦਾ ਹੈ ਅਤੇ ਉਨਾਂ ਦੇ ਆਤਮ ਵਿਸ਼ਵਾਸ਼ ਵਿਚ ਵਾਧਾ ਹੁੰਦਾ ਹੈ। ਵਿਦਿਆਰਥੀ ਸ਼ਾਂਤੀ ਨਾਲ ਬੈਠ ਕੇ ਦੋਵੇ ਪੱਖਾਂ ਦੇ ਵਿਚਾਰ ਸੁਣਦੇ ਹਨ । ਵਿਦਿਆਰਥੀ ਆਲੋਚਨਾਤਮਕ ਵਿਸ਼ਿਆਂ ਤੇ ਕ੍ਰਮਬੱਧ ਤਰੀਕੇ ਨਾਲ ਆਪਣੇਆਪਣੇ ਵਿਚਾਰ ਪ੍ਰਗਟ ਕਰਦੇ ਹਨ ਅਤੇ ਵਿਰੋਧੀਆਂ ਦੇ ਵਿਚਾਰ ਵੀ ਸੁਣਦੇ ਅਤੇ ਬਾਅਦ ਵਿਚ ਦੋਵੇਂ ਪੱਖਾਂ ਤੇ ਵਿਚਾਰ - ਵਟਾਂਦਰਾ ਕੀਤਾ ਜਾਂਦਾ ਹੈ ਅਤੇ ਸਹੀ ਗਲਤ ਦਾ ਸਿੱਟਾ ਕੱਢਿਆ ਜਾਂਦਾ ਹੈ ਇਸ ਕਿਰਿਆ ਦੁਆਰਾ ਵਿਦਿਆਰਥੀਆਂ ਵਿਚ ਇਕ ਚੰਗੇ ਲੀਡਰਾਂ ਦੇ ਗੁਣਾਂ ਦਾ ਵਿਕਾਸ ਕਰਦਾ ਹੈ ।

**5 ਪ੍ਰਸ਼ਨਤੋਰੀ :** ਸਕੂਲਾਂ ਵਿਚ ਕਰਵਾਏ ਜਾਂਦੇ ਪ੍ਰਸ਼ਨਤੋਰੀ ਮੁਕਾਬਲੇ ਬੱਚਿਆਂ ਨੂੰ ਹੋਰ ਜ਼ਿਆਦਾ ਗਿਆਨ ਪ੍ਰਾਪਤ ਕਰਨ ਲਈ ਪ੍ਰੇਰਿਤ ਕਰਦੇ ਹਨ। ਇਹ ਮੁਕਾਬਲੇ ਵੱਖ-ਵੱਖ ਵਿਸ਼ਿਆ ਅਤੇ ਉਪ- ਵਿਸ਼ਿਆਂ ਤੇ ਅਧਾਰਿਤ ਹੁੰਦੇ ਹਨ । ਇਸ ਤਰਾਂ ਦੇ ਮੁਕਾਬਲਿਆਂ ਨਾਲ ਵਿਦਿਆਰਥੀਆਂ ਵਿਚ ਪੜਨ ਦੀਆਂ ਆਦਤਾਂ ਦਾ ਵਿਕਾਸ ਹੁੰਦਾ ਹੈ। ਇਸ ਦੇ ਨਾਲ ਹੀ ਵਿਦਿਆਰਥੀ ਟੀਮ ਵਿਚ ਕੰਮ ਕਰਨਾ ਸਿੱਖਦੇ ਹਨ, ਉਨਾਂ ਵਿਚ ਸਹਿਯੋਗ ਅਤੇ ਮਿਲਜੁਲ ਕੇ ਪਿਆਰ ਨਾਲ ਰਹਿਣ ਦੀ ਭਾਵਨਾ ਦਾ ਵਿਕਾਸ ਹੁੰਦਾ ਹੈ। ਇਕ ਦੂਜੇ ਦੀਆ ਕਮੀਆਂ ਅਤੇ ਗੁਣਾਂ ਨੂੰ ਸਵੀਕਾਰਦੇ ਹਨ। ਪ੍ਰਸ਼ਨਤੋਰੀ ਮੁਕਾਬਲਿਆਂ ਨਾਲ ਉਨਾਂ ਦਾ ਮਾਨਸਿਕ,ਬੋਧਿਕਾ ਅਤੇ ਤਰਕ ਸ਼ਕਤੀਆ ਦਾ ਵਿਕਾਸ ਹੁੰਦਾ ਹੈ ਅਤੇ ਟੀਮ ਵਿਚ ਰਹਿ ਕੇ ਵੀ ਉਹਨਾਂ ਦੀ ਆਪਣੀ ਵੱਖਰੀ ਪਹਿਚਾਣ ਦਾ ਨਿਰਮਾਣ ਹੁੰਦਾ ਹੈ।

**6 ਤਿਉਹਾਰ ਮਨਾਉਣਾ** : ਵੱਖੋ ਵੱਖਰੇ ਤਿਉਹਾਰ ਮਨਾਉਣ ਨਾਲ ਵਿਦਿਆਰਥੀ ਭਾਰਤੀ ਸੱਭਿਆਚਾਰ ਦੀ ਮੁੱਖ ਵਿਸ਼ੇਸਤਾ ਅਨੇਕਤਾ ਵਿਚ ਏਕਤਾ ਦਾ ਅਹਿਸਾਸ ਕਰਦੇ ਹਨ । ਜਦੋ ਸਕੂਲ ਵਿਚ ਵਿਦਿਆਰਥੀ ਵੱਖ-ਵੱਖ ਜਾਤਾਂ, ਧਰਮਾਂ, ਦੁਆਰਾ ਮਨਾਏ ਜਾਂਦੇ ਤਿਉਹਾਰ ਇੱਕਠੇ ਮਿਲ ਕੇ ਮਨਾਉਂਦੇ ਹਨ ਤਾ ਉਨਾਂ ਵਿਚ ਰੰਗ, ਨਸਲ, ਧਰਮ , ਜਾਤ ਆਦਿ ਦੇ ਭੇਦ੍ਭਾਵ ਦੂਰ ਹੁੰਦੇ ਹਨ ਅਤੇ ਉਹ ਸਾਰੇ ਆਪਸ ਵਿਚ ਘੁਲ ਕੇ ਮਿਲ ਕੇ ਰਹਿਣਾ ਸਿੱਖਦੇ ਹਨ ਅਤੇ ਉਨਾਂ ਵਿਚ ਏਕਤਾ ਦੀ ਭਾਵਨਾ ਦਾ ਵਿਕਾਸ ਹੁੰਦਾ ਹੈ ।

**7 ਮਹਾਨ ਵਿਅਕਤੀਆਂ ਨਾਲ ਸੰਬੰਧਿਤ ਦਿਨ ਮਨਾਉਣੇ :** ਜਦੋਂ ਸਕੂਲ ਦੇ ਵਿਚ ਮਹਾਨ ਵਿਅਕਤੀਆ ਜਿਵੇਂ ਕਿ ਸੰਤ, ਸੂਰਮੇ, ਫਕੀਰ, ਦੇਸ਼-ਭਗਤਾਂ, ਸਮਾਜ ਸੇਵਕਾਂ, ਸਮਾਜ ਸੁਧਾਰਕਾਂ ਆਦਿ ਦੇ ਜਨਮ ਅਤੇ ਸ਼ਹੀਦੀ ਦਿਵਸ ਮਨਾਏ ਜਾਦੇ ਹਨ ਤਾਂ ਇਹ ਵਿਦਿਆਰਥੀਆਂ ਲਈ ਪ੍ਰੇਰਣਾ ਦਾ ਸ੍ਰੋਤ ਬਣਦੇ ਹਨ ਅਤੇ ਵਿਦਿਆਰਥੀ ਇਹਨਾਂ ਦੁਆਰਾ ਵਿਖਾਏ ਗਏ ਮਾਰਗਾਂ ਤੇ ਚੱਲਣ ਦੀ ਕੋਸ਼ਿਸ ਕਰਦੇ ਹਨ ਜਿਸ ਨਾਲ ਵਿਦਿਆਰਥੀਆਂ ਵਿਚ

ਨੈਤਿਕ ਕਦਰਾਂ–ਕੀਮਤਾਂ ਦਾ ਵਿਕਾਸ ਹੁੰਦਾ ਹੈ।ਓਹ ਇਹ ਭੁੱਲ ਜਾਂਦੇ ਹਨ ਕਿ ਉਹ ਵਿਅਕਤੀ ਜਿਸਦਾ ਦਿਹਾੜਾ ਮਨਾਇਆ ਜਾ ਰਿਹਾ ਹੈ ਕਿਸ ਵਿਸ਼ੇਸ਼ ਧਰਮ, ਜਾਤ, ਰੰਗ ਨਸਲ ਜਾ ਰਾਜ ਨਾਲ ਸਬੰਧ ਰੱਖਦਾ ਹੈ ਬਲਕਿ ਮਿਲ ਕੇ ਇਹ ਸਾਰੇ ਆਨੰਦਪੂਰਵਕ ਅਤੇ ਖੁਸ਼ੀ ਨਾਲ ਇਹ ਵਿਸ਼ੇਸ਼ ਦਿਹਾੜੇ ਮਨਾਉਂਦੇ ਹਨ।

**8 ਸਮਾਜਿਕ ਬੁਰਾਈਆਂ ਦੇ ਵਿਰੁੱਧ ਮੁਹਿੰਮ :** ਸਮਾਜਿਕ ਸਮੱਸਿਆਵਾਂ, ਬੁਰਾਈਆਂ ਦੇ ਵਿਰੁੱਧ ਸਕੂਲਾਂ ਵਿਚ ਰੈਲੀਆਂ ਅਤੇ ਜਲਸੇ ਕਢੇ ਜਾਂਦੇ ਹਨ ਭਾਸ਼ਣ, ਸੰਵਾਦ–ਮੁਕਾਬਲੇ ਕਰਵਾਏ ਜਾਂਦੇ ਹਨ ਉਨ੍ਹਾ ਦੇ ਹੱਲ ਲਈ ਸੁਝਾਅ ਦਿੱਤੇ ਜਾਂਦੇ ਹਨ।ਇਸ ਤਰ੍ਹਾਂ ਦੀਆ ਕਿਰਿਆਵਾਂ ਵਿਦਿਆਰਥੀਆਂ ਨੂੰ ਸਮਾਜਿਕ ਬੁਰਾਈਆ ਵਿਰੁੱਧ ਜਾਗਰੂਕ ਕਰਦੀਆਂ ਹਨ ਅਤੇ ਉਹ ਇਨ੍ਹਾਂ ਦਾ ਡੱਟ ਕੇ ਮੁਕਾਬਲਾ ਕਰਨ ਲਈ ਸਾਹਮਣੇ ਆਉਂਦੇ ਹਨ।

**9 ਸਮਾਜ ਸੇਵਾ ਦੇ ਪ੍ਰੋਗਰਾਮ :** ਸਕੂਲਾਂ ਵਿਚ ਐਨ.ਐਸ.ਐਸ ਭਾਵ ਰਾਸ਼ਟਰੀ ਸੇਵਾ ਯੋਜਨਾ ਅਤੇ ਰਾਸ਼ਟਰੀ ਕੈਡਿਟ ਕੋਰ ਵਰਗੀਆਂ ਯੋਜਨਾਵਾਂ ਚਲਾਈਆਂ ਜਾਂਦੀਆਂ ਹਨ ਇਨ੍ਹਾ ਯੋਜਨਾਵਾਂ ਦੇ ਅਮਤਰਗਤ ਲੋਕ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ ਇਹਨਾਂ ਯੋਜਨਾਵਾਂ ਦਾ ਮੁੱਖ ਉਦੇਸ਼ ਬੱਚਿਆਂ ਵਿਚ ਸਮਾਜ ਸੇਵਾ, ਰਾਸਟਰੀ ਏਕਤਾ, ਅੰਤਰ ਰਾਸ਼ਟਰੀ ਸੂਝ, ਹੱਥੀ ਕਿਰਤ ਕਰਨਾ, ਲੀਡਰਸਿਪ ਦੇ ਗੁਣ , ਇਕ ਚੰਗੇ ਨਾਗਰਿਕ ਦੇ ਗੁਣ ਪੈਦਾ ਕਰਨਾ ਹੈ ਅਤੇ ਇਸ ਉਦੇਸ਼ ਲਈ ਇਹਨਾਂ ਕੈਪਾਂ ਦੋਰਾਨ ਵਿਸ਼ੇਸ ਕਿਰਿਆਵਾਂ ਆਯੋਜਿਤ ਕੀਤੀਆਂ ਜਾਂਦੀਆ ਹਨ ਜਿੰਨ੍ਹਾਂ ਨਾਲ ਵਿਦਿਆਰਥੀ ਆਪਣੀ ਵੱਖਰੀ ਪਛਾਣ ਬਣਾਉਂਦੇ ਹਨ ।

## 2.1.9 ਸਿੱਟਾ :

ਫਰੋਬਲ ਨੇ ਸਕੂਲ ਨੂੰ **ਬੱਚਿਆਂ ਦਾ ਬਗੀਚਾ** ਕਿਹਾ ਹੈ । ਜਿਸ ਤਰ੍ਹਾਂ ਬਾਗ ਵਿੱਚ ਮਾਲੀ ਪੌਦਿਆਂ ਦੀ ਬਿਜਾਈ, ਜ਼ਮੀਨ ਦੀ ਖੁਦਾਈ ਅਤੇ ਸਿੰਚਾਈ ਕਰਕੇ ਉਹਨਾਂ ਨੂੰ ਭਿੰਨ–ਭਿੰਨ ਫੁੱਲ, ਫੱਲ ਦੇਣ ਲਈ ਤਿਆਰ ਕਰਦਾ ਹੈ ਉਸੇ ਤਰ੍ਹਾਂ ਸਕੂਲੀ ਸਿੱਖਿਆ ਵਿਦਿਆਰਥੀਆਂ ਦੇ ਸਰਵਪੱਖੀ ਸਰੀਰਕ,ਮਾਨਸਿਕ,ਨੈਤਿਕ ਵਿਕਾਸ ਦੇ ਲਈ ਉਹਨਾਂ ਨੂੰ ਤਿਆਰ ਕਰਦੀ ਹੈ ਅਤੇ ਰਸਮੀ ਅਤੇ ਗੈਰ ਰਸਮੀ ਰੂਪ ਵਿਚ ਉਹਨਾਂ ਦੀ ਪਹਿਚਾਣ ਨਿਰਮਾਣ ਵਿਚ ਯੋਗਦਾਨ ਪਾਉਂਦੀ ਹੈ ।

## 2.1.10 ਸੁਝਾਏ ਪ੍ਰਸ਼ਨ :

1. ਸਕੂਲੀ ਸਿੱਖਿਆ ਦਾ ਪਹਿਚਾਣ ਨਿਰਮਾਣ ਵਿੱਚ ਕੀ ਭੂਮਿਕਾ ਹੈ ।
2. ਐਰਿਕ ਐਰਿਕਸਨ ਦੇ ਪਹਿਚਾਣ ਨਿਰਮਾਣ ਦਾ ਵਰਣਨ ਕਰੋ ।
3. ਪਹਿਚਾਣ ਤੋਂ ਕੀ ਭਾਵ ਹੈ । ਪਹਿਚਾਣ ਦੀਆਂ ਕਿਸਮਾਂ ਉਲੀਕੋ ।

## 2.1.11 Suggested Readings


1. Arnett, J.J. (2000). "Emerging adulthood: A theory of development from the late teens through the twenties". *American Psychologist*, 57,774-783.
2. Broudy, H.S (1955). *Building a Philosophy of Education*, New Delhi: Prentice Hall of India.
3. Baron, R.A. (2012). *Psychology*. New Delhi: Prentice Hall of India Pvt. Ltd.
4. Bhattacharya, Srinibas (2000). *Sociological Foundations of Education*. New Delhi: Atlantic Publishers and Distributors.
5. Erikson, E.H. (1956). "The problem of ego identity". *Journal of American Psychoanalytic Association*, 4, 56-121.
6. Brown, Francis J. (1954). *Educational Sociology*, New York: Prentice Hall of India.
7. Ottoway, A.K.C (1962). *Education and Society*, London: Routledge Kegan Paul.
8. Pathak, Avijit (2004). *Social Implications of Schooling: Knowledge, Pedagogy and Consciousness*. Rainbow Publishers : Noida

9. Hurn, C.J (1993). *Limits and Possibilities of Schooling: An Introduction to the Sociology of Education.* Boston: Allyn and Bacon.

10. M Carnoy, D Rhoten (2002). *What Does Globalization Mean for Educational Change? A comparative Approach*, Comparative Education Review.

11. Jack, G., & lorbievki, A. (2007). "National identity, globalization and the discursive construction of organizational identity". *British Journal of Management,* 18, 79-94.

---

**ਪਾਠ ਨੰ: 2.2** **ਲੇਖਿਕਾ: ਡਾ. ਰੇਖਾ**

---

## ਸਕੂਲੀ ਸਿੱਖਿਆ ਅਤੇ ਰਾਸ਼ਟਰੀ, ਧਰਮ-ਨਿਰਪੱਖ ਅਤੇ ਮਾਨਵਵਾਦੀ ਪਹਿਚਾਣ ਦਾ ਵਿਕਾਸ

**ਪਾਠ ਦੀ ਬਣਤਰ:**

2.2.1 ਉਦੇਸ਼
2.2.2 ਭੂਮਿਕਾ
2.2.3 ਰਾਸ਼ਟਰੀ ਪਹਿਚਾਣ ਦਾ ਵਿਕਾਸ
2.2.4 ਰਾਸ਼ਟਰੀ ਵਿਕਾਸ ਦਾ ਸੰਕਲਪ
2.2.5 ਰਾਸ਼ਟਰੀ ਪਹਿਚਾਣ ਵਿਕਸਿਤ ਕਰਨ ਦੀ ਲੋੜ
2.2.6 ਰਾਸ਼ਟਰੀ ਪਹਿਚਾਣ ਦੇ ਤੱਤ
2.2.7 ਰਾਸ਼ਟਰੀ ਪਹਿਚਾਣ ਦੀਆਂ ਵਿਸ਼ੇਸ਼ਤਾਵਾਂ
2.2.8 ਸਕੂਲੀ ਸਿੱਖਿਆ ਅਤੇ ਰਾਸ਼ਟਰੀ ਪਛਾਣ
2.2.9 ਧਰਮ-ਨਿਰਪੱਖ ਪਹਿਚਾਣ ਦਾ ਵਿਕਾਸ
2.2.10 ਧਰਮ -ਨਿਰਪੱਖਤਾ ਦਾ ਅਰਥ ਅਤੇ ਸੰਕਲਪ
2.2.11 ਧਰਮ-ਨਿਰਪੱਖ ਪਹਿਚਾਣ ਦੀ ਲੋੜ
2.2.12 ਧਰਮ-ਨਿਰਪੱਖ ਪਹਿਚਾਣ ਦੀਆਂ ਵਿਸ਼ੇਸ਼ਤਾਵਾਂ
2.2.13 ਧਰਮ-ਨਿਰਪੱਖ ਪਹਿਚਾਣ ਦੇ ਵਿਕਾਸ ਸਿੱਖਿਆ ਦੀ ਭੂਮਿਕਾ
2.2.14 ਮਾਨਵੀ ਪਹਿਚਾਣ ਦਾ ਵਿਕਾਸ
2.2.15 ਮਾਨਵਵਾਦ ਦਾ ਸੰਕਲਪ
2.2.16 ਮਾਨਵੀ ਪਹਿਚਾਣ ਦੇ ਵਿਕਾਸ ਦੀ ਲੋੜ
2.2.17 ਮਾਨਵਵਾਦੀ ਪਹਿਚਾਣ ਦੀਆਂ ਵਿਸ਼ੇਸ਼ਤਾਵਾਂ
2.2.18 ਸਿੱਖਿਆ ਅਤੇ ਮਾਨਵਵਾਦੀ ਪਹਿਚਾਣ
2.2.19 ਮਾਨਵੀ ਪਹਿਚਾਣ ਲਈ ਸਕੂਲੀ ਕਿਰਿਆਵਾਂ
2.2.20 ਸਿੱਟਾ
2.2.21 ਸੁਝਾਏ ਪ੍ਰਸ਼ਨ
2.2.22 **ਤਜਵੀਜ਼ਤ ਪਾਠ ਸਮੱਗਰੀ**

### 2.2.1 ਉਦੇਸ਼ :

ਇਹ ਪਾਠ ਪੜ੍ਹਨ ਤੋਂ ਬਾਅਦ ਵਿਦਿਆਰਥੀ ਇਹ ਸਮਝਣ ਯੋਗ ਹੋ ਜਾਵੇਗਾ ਕਿ :

1. ਰਾਸ਼ਟਰੀ ਪਹਿਚਾਣ ਦੇ ਤੱਤ ਕੀ ਹਨ ?
2. ਰਾਸ਼ਟਰੀ ਪਹਿਚਾਣ ਦੀਆਂ ਵਿਸ਼ੇਸ਼ਤਾਵਾਂ ਕਿਹੜੀਆਂ ਹਨ ?
3. ਰਾਸ਼ਟਰੀ ਏਕਤਾ, ਧਰਮ ਨਿਰਪੱਖਤਾ ਅਤੇ ਮਾਨਵਵਾਦ ਦੀ ਧਾਰਨਾ ਕੀ ਹੈ ?
4. ਧਰਮ ਨਿਰਪੱਖਤਾ ਦਾ ਕੀ ਅਧਾਰ ਹੈ ?

5. ਧਰਮ ਨਿਰਪੱਖ ਪਹਿਚਾਣ ਕਿਉਂ ਜ਼ਰੂਰੀ ਹੈ ?
6. ਧਰਮ ਨਿਰਪੱਖਤਾ ਪਹਿਚਾਣ ਦੇ ਤੱਤ ਕਿਹੜੇ ਹਨ ?
7. ਮਾਨਵਵਾਦੀ ਪਹਿਚਾਣ ਕਿਉਂ ਜ਼ਰੂਰੀ ਹੈ ?
8. ਮਾਨਵਵਾਦੀ ਪਹਿਚਾਣ ਦੀਆਂ ਵਿਸ਼ੇਸ਼ਤਾਵਾਂ ਕਿਹੜੀਆਂ ਹਨ ?
9. ਸਕੂਲ ਇਕ ਰਾਸ਼ਟਰੀ , ਧਰਮ-ਨਿਰਪੱਖ ਅਤੇ ਮਾਨਵਵਾਦੀ ਪਹਿਚਾਣ ਵਿਕਸਿਤ ਕਰਨ ਵਿਚ ਕੀ ਭੂਮਿਕਾ ਨਿਭਾ ਸਕਦਾ ਹੈ ?

**2.2.2 ਭੂਮਿਕਾ :**

ਇੱਕ ਰਾਸ਼ਟਰ ਦਾ ਨਿਰਮਾਣ ਵੱਡੇ ਅਤੇ ਅਤੇ ਛੋਟੇ ਸਮੁਦਾਇਆਂ ਨਾਲ ਮਿਲ ਕੇ ਹੁੰਦਾ ਹੈ ਜਿਸ ਵਿਚ ਅਲੱਗ ਅਲੱਗ ਜਾਤਾਂ, ਧਰਮਾਂ, ਭਾਸ਼ਾਵਾਂ, ਖੇਤਰਾਂ ਅਤੇ ਵੱਖ ਵੱਖ ਸੱਭਿਆਚਾਰ ਨਾਲ ਸਬੰਧਤ ਲੋਕ ਸ਼ਾਮਿਲ ਹੁੰਦੇ ਹਨ। ਇਸ ਵਿਵਿਧਤਾ ਦੇ ਬਾਵਜੂਦ ਵੀ ਜੇ ਲੋਕ ਇਹ ਸੋਚਣ ਕਿ ਉਹ ਇੱਕੋ ਹੀ ਭੂਮੀ ਤੇ ਪੈਦਾ ਹੋਏ ਹਨ ਤਾਂ ਉਹਨਾ ਨੂੰ ਰਾਸ਼ਟਰੀ ਪੱਧਰ ਤੇ ਜੁੜੇ ਹੋਏ ਜਾਂ ਇੱਕ ਕਿਹਾ ਜਾਵੇਗਾ।ਰਾਸ਼ਟਰੀ ਹੋਂਦ ਵਾਲਾ ਵਿਅਕਤੀ ਅਸੀਂ ਸਾਰੇ ਇੱਕ ਹਾਂ ਦੀ ਭਾਵਨਾ ਨਾਲ ਜੁੜਿਆ ਹੁੰਦਾ ਹੈ।ਇਕ ਜੁੱਟਤਾ ਦੀ ਭਾਵਨਾ ਵਾਲਾ ਵਿਅਕਤੀ ਚਾਹੇ ਕਿਸੇ ਵੀ ਧਰਮ, ਜਾਤ, ਖੇਤਰ ਸਮੁਦਾਇ ਨਾਲ ਸਬੰਧ ਰੱਖਦਾ ਹੋਵੇ ਸਾਰੇ ਦੇਸ਼ ਵਾਸੀਆਂ ਨੂੰ ਇਕ ਮੰਨਦਾ ਹੈ ਅਤੇ ਇਸ ਆਧਾਰ ਤੇ ਕਿਸੇ ਨਾਲ ਕੋਈ ਭੇਦ ਨਹੀ ਰੱਖਦਾ। ਉਹ ਹਮੇਸ਼ਾ ਏਕਤਾ ਅਤੇ ਅਖੰਡਤਾ ਦੀ ਗੱਲ ਕਰਦਾ ਹੈ ਅਤੇ ਸਾਰੇ ਦੇਸ਼ ਵਾਸੀਆਂ ਨੂੰ ਇਕ ਤਾਰ ਵਿਚ ਬੰਨਣ ਦੀ ਕੋਸ਼ਿਸ ਕਰਦਾ ਹੈ।ਉਹ ਉਹਨਾਂ ਪ੍ਰਤਿਵਰਤੀਆਂ ਦਾ ਖੰਡਣ ਕਰਦਾ ਹੈ ਜਿਹੜੀਆ ਦੇਸ਼ ਦੀ ਏਕਤਾ ਅਤੇ ਤਰੱਕੀ ਲਈ ਖਤਰਾ ਹੋਣ ਰਾਸ਼ਟਰੀ ਜੀਵਨ ਦਾ ਆਧਾਰ ਸਾਂਝੀ ਨਾਗਰਿਕਤਾ,ਅਨੇਕਤਾ, ਏਕਤਾ, ਧਰਮ-ਨਿਰਪੱਖਤਾ, ਨਿਆਂ,ਸਮਾਨਤਾ ਅਤੇ ਭਾਸ਼ਾ ਦੀ ਭਾਵਨਾ ਹੈ। ਸੁਤੰਤਰਤਾ ਪ੍ਰਾਪਤ ਕਰਨ ਤੋ ਬਾਅਦ ਭਾਰਤ ਨੇ ਰਾਸ਼ਟਰ ਨੂੰ ਸਮਾਜਿਕ ਅਤੇ ਧਾਰਮਿਕ ਨਿਆਂ ਦੇ ਆਧਾਰ ਤੇ ਧਰਮ-ਨਿਰਪੱਖ ਅਤੇ ਲੋਕਤੰਤਰੀ ਬਣਾਉਣ ਦੀ ਸੰਹੁ ਚੁੱਕੀ ਹੈ।

**2.2.3 ਰਾਸ਼ਟਰੀ ਪਹਿਚਾਣ ਦਾ ਵਿਕਾਸ :**

ਇੱਕ ਸਫਲ ਲੋਕਤੰਤਰ ਲਈ ਕਿਸੇ ਵੀ ਦੇਸ਼ ਨੂੰ ਰਾਸ਼ਟਰੀ ਇੱਕ ਜੁੱਟਤਾ ਦੀ ਲੋੜ ਹੁੰਦੀ ਹੈ ਡਾ. ਰਾਧਾ ਕ੍ਰਿਸ਼ਨ ਦੇ ਅਨੁਸਾਰ ਜੇ ਭਾਰਤ ਨੇ ਸੁਤੰਤਰ ਅਖੰਡਤਾ ਅਤੇ ਲੋਕਤੰਤਰਤਾ ਨੂੰ ਕਾਇਮ ਰੱਖਣਾ ਹੈ ਤਾਂ ਇਸਨੂੰ ਆਪਣੇ ਵਾਸੀਆ ਨੂੰ ਏਕਤਾ ਅਤੇ ਲੋਕਤੰਤਰ ਦੀ ਸਿਖਲਾਈ ਦੇਣੀ ਪਵੇਗੀ।

**2.2.3.1 ਰਾਸ਼ਟਰੀ ਏਕਤਾ ਦਾ ਸੰਕਲਪ :**

**ਰਾਸ਼ਟਰੀ ਏਕਤਾ** ਦਾ ਸਾਧਾਰਨ ਅਰਥ ਵਿੱਚ ਦੇਸ਼ ਜਾ ਰਾਸ਼ਟਰ ਦੇ ਵਿਭਿੰਨ ਧਰਮਾਂ, ਭਾਸ਼ਾਵਾਂ, ਜਾਤੀਆਂ ਆਦਿ ਦੇ ਨਿਵਾਸੀਆਂ ਵਿਚ ਦੇਸ਼ ਦੇ ਹਿੱਤ ਲਈ, ਦੇਸ਼ ਪ੍ਰੇਮ ਅਤੇ ਦੇਸ਼ ਭਗਤੀ ਭਾਵਨਾਵਾਂ ਦੀ ਏਕਤਾ ਹੈ।

**ਰਾਸ਼ਟਰੀ ਏਕਤਾ** ਤੋਂ ਭਾਵ ਵਿਭਿੰਨਤਾ ਵਿਚ ਏਕਤਾ ਹੈ ਇਹ ਰਾਸ਼ਟਰ ਦੇ ਸਮਾਜਿਕ ਰਾਜਨੀਤਿਕ, ਆਰਥਿਕ, ਭਾਸ਼ਾਈ ਤੇ ਸੱਭਿਆਚਾਰਿਕ ਪੱਖਾਂ ਵਿਚ ਏਕਤਾ ਦਾ ਪ੍ਰਗਟਾਵਾ ਕਰਦੀ ਹੈ। ਇਹ ਇੱਕ ਪ੍ਰਭਾਵਸ਼ਾਲੀ ਸ਼ਕਤੀ ਹੈ ਜੋ ਦੇਸ਼ ਵਾਸੀਆਂ ਨੂੰ ਇੱਕ ਏਕਤਾ ਵਿਚ ਬੰਨ੍ਹਦੀ ਹੈ।ਇਹ ਇਕ ਮਾਨਸਿਕ ਪ੍ਰਵਿਰਤੀ ਹੈ ਜੋ ਏਕਤਾ ਦੀ ਭਾਵਨਾ, ਜੀਵਨ ਦੇ ਸਾਂਝੇ ਆਦਰਸ਼ਾ ਅਤੇ ਵਿਵਹਾਰ ਦੇ ਸਾਝੇ ਨਿਯਮਾ ਉੱਤੇ ਆਧਾਰਿਤ ਹੁੰਦੀ ਹੈ।

**ਰਾਸ਼ਟਰੀ ਏਕਤਾ ਕਾਨਫਰੰਸ ਰਿਪੋਰਟ** 1961 ਦੇ ਅਨੁਸਾਰ, ਰਾਸ਼ਟਰੀ ਏਕਤਾ ਇਕ ਮਨੋ- ਵਿਗਿਆਨਿਕ ਸਿੱਖਿਅਕ ਪ੍ਰਕਿਰਿਆ ਹੈ ਜਿਸ ਦੁਆਰਾ ਲੋਕਾਂ ਦੇ ਦਿਲਾਂ ਵਿਚ ਏਕਤਾ, ਸੰਗਠਨ ਦੇ ਸੰਯੋਗ ਦੀ ਭਾਵਨਾ, ਸਾਧਾਰਨ ਨਾਗਿਰਕਤਾ ਦੀ ਭਾਵਨਾ ਅਤੇ ਰਾਸ਼ਟਰ ਪ੍ਰਤੀ ਭਗਤੀ ਦੀ ਭਾਵਨਾ ਦਾ ਵਿਕਾਸ ਕੀਤਾ ਜਾਂਦਾ ਹੈ।

**ਡੋਰਥੀ ਥਾਂਪਸਨ** ਅਨੁਸਾਰ ਰਾਸ਼ਟਰੀ ਏਕਤਾ ਇੱਕ ਅਜਿਹੀ ਭਾਵਨਾ ਹੈ ਜੋ ਦੇਸ਼ ਦੇ ਨਾਗਰਿਕਾਂ ਨੂੰ ਇਕ ਸੂਤਰ ਵਿਚ ਬੰਨ੍ਹਦੀ ਹੈ।

**ਪ੍ਰੈਸਟਾਨ** ਦੇ ਵਿਚਾਰ ਅਨੁਸਾਰ ਰਾਸ਼ਟਰੀ ਏਕਤਾ, ਆਪਣੇ ਦੇਸ਼ ਬਾਰੇ ਗਿਆਨ, ਇਸ ਉੱਤੇ ਮਾਣ, ਰਾਸ਼ਟਰੀ ਵਾਤਾਵਰਨ, ਅਭਿਲਾਸ਼ਾਵਾਂ, ਪਰੰਪਰਾਵਾਂ ਦੇ ਸਰਵਤੋਮ ਰੂਪ ਲਈ ਆਦਰ ਅਤੇ ਆਪਣੇ ਦੇਸ਼ ਵਿਚ ਸੁਧਾਰ ਲਿਆਉਣ ਦੀ ਇੱਛਾ ਨੂੰ ਵਿਕਸਿਤ ਕਰਨ ਦਾ ਕਾਰਜ ਹੈ।

**ਐਸ.ਐਨ ਪਾਂਡਾ** ਅਨੁਸਾਰ ਰਾਸ਼ਟਰੀ ਇਕ ਹੋਣ ਦੀ ਭਾਵਨਾ ਹੈ ਜੋ ਸਾਰੇ ਸੰਕੀਰਣ ਤੇ ਵੰਡਾਤਮਿਕ ਪ੍ਰਵਿਰਤੀਆਂ ਤੋਂ ਉਪਰ ਉੱਠ ਜਾਂਦੀ ਹ ਅਤੇ ਸੱਚੀ ਭਗਤੀ ਤੇ ਪ੍ਰਗਤੀ ਦਾ ਮਾਰਗ ਤਿਆਰ ਕਰਦੀ ਹੈ।

**ਭਾਰਤੀ ਸਿੱਖਿਆ ਕਮਿਸ਼ਨ** ਅਨੁਸਾਰ ਰਾਸ਼ਟਰੀ ਏਕਤਾ ਤੋਂ ਭਾਵ ਹੈ :-

(1) ਦੇਸ਼ ਦੇ ਭਵਿੱਖ ਵਿਚ ਵਿਸ਼ਵਾਸ
(2) ਜਨਤਾ ਦੇ ਜੀਵਨ ਪੱਧਰ ਵਿਚ ਨਿਰੰਤਰ ਉੱਚਤਾ
(3) ਬੇਰੁਜ਼ਗਾਰੀ ਵਿਚ ਕਮੀ
(4) ਸਮਾਜਿਕ, ਆਰਥਿਕ ਤੇ ਰਾਜਨੀਤਿਕ ਵਿਕਾਸ ਲਈ ਸਮਾਨ ਮੋਕਿਆਂ ਦੀ ਵਿਵਸਥਾ
(5) ਨਾਗਰਿਕਾਂ ਦੀ ਜ਼ਿੰਮੇਵਾਰੀ ਸਬੰਧੀ ਡੂੰਘੀ ਭਾਵਨਾ
(6) ਵਰਗ ਆਧਾਰਿਤ ਨਿਸ਼ਾਨਾ ਤੋਂ ਉਪਰ ਉੱਠ ਕੇ ਸੰਪੂਰਨ ਰਾਸ਼ਟਰ ਨਾਲ ਏਕੀਕਰਨ ਕਰਨਾ
(7) ਚੰਗਾ ਤੇ ਨਿਰਪੱਖ ਪ੍ਰਸ਼ਾਸਨ
(8) ਲੋਕਾਂ ਦੇ ਵੱਖ-ਵੱਖ ਸਮੁਦਾਇਆਂ ਦੀਆਂ ਸੱਭਿਆਚਾਰਿਕ ਪਰੰਪਰਾਵਾ ਤੇ ਜੀਵਨ ਦੇ ਢੰਗਾਂ ਦਾ ਆਦਰ ਅਤੇ ਆਪਸੀ ਸਮਝ ।

ਇਸ ਤਰ੍ਹਾਂ ਜਦੋ ਕਿਸੇ ਰਾਸ਼ਟਰ ਦੇ ਨਾਗਰਿਕ, ਉਹਨਾਂ ਦੇ ਪਹਿਰਾਵੇ, ਖਾਣ ਆਦਤਾਂ, ਰਹਿਣ ਸਹਿਣ ਦੀ ਸ਼ੇਲੀ, ਭਾਸ਼ਾ ਤੇ ਸਾਹਿਤ, ਮੁੱਲ ਪਰੰਪਰਾਵਾਂ ਤੇ ਰਿਵਾਜ, ਜਾਤ ਤੇ ਨਸਲ, ਧਰਮ ਆਦਿ ਵਿਚ ਅਨੇਕਤਾ ਹੋਣ ਦੇ ਬਾਵਜੂਦ ਆਪਣੇ ਆਪ ਨੂੰ ਇਕ ਸਮਝਣ ਅਤੇ ਆਪਣੇ ਨਿੱਜੀ ਹਿੱਤਾਂ ਨੂੰ ਰਾਸ਼ਟਰ ਦੇ ਵਿਆਪਕ ਹਿੱਤਾ ਲਈ ਕੁਰਬਾਨ ਕਰ ਦੇਣ, ਤਾਂ ਉਹ ਰਾਸ਼ਟਰੀ ਏਕਤਾ ਤੋਂ ਪ੍ਰੇਰਿਤ ਹੋਏ ਕਹੇ ਜਾ ਸਕਦੇ ਹਨ।ਰਾਸ਼ਟਰੀ ਏਕਤਾ ਦਾ ਭਾਵ, ਆਪਣੇ ਰਾਸ਼ਟਰ ਦੇ ਭਵਿੱਖ ਵਿਚ ਵਿਸ਼ਵਾਸ ਅਤੇ ਹਰੇਕ ਨਾਗਰਿਕ ਨੂੰ ਹਰ ਪ੍ਰਕਾਰ ਦਾ ਕੰਮਾਂ ਵਿਚ ਬਰਾਬਰ ਮੌਕੇ ਪ੍ਰਦਾਨ ਕਰਨਾ ਹੈ ਜਿਸਦੇ ਅੰਤਰਗਤ ਲੋਕ ਆਪਣੇ ਆਪ ਨੂੰ ਪੰਜਾਬੀ, ਬੰਗਾਲੀ, ਹਿੰਦੂ ਜਾਂ ਮੁਸਲਮਾਨ ਨਹੀ ਸਮਝਦੇ ਸਗੋ ਭਾਰਤੀ ਸਮਝਦੇ ਹਨ ਜੋ ਇਕ ਰਾਸ਼ਟਰ ਨਾਲ ਸਬੰਧ ਰੱਖਦੇ ਹਨ ।

**2.2.3.2 ਰਾਸ਼ਟਰੀ ਏਕਤਾ ਦੇ ਆਧਾਰ :**

**ਬਰੂਬੇਕਰ** ਦੇ ਅਨੁਸਾਰ ਧਰਤੀ ਦੀਆਂ ਭੁਗੋਲਿਕ ਸੀਮਾਵਾਂ ਦੇ ਨਾਲ ਰਾਸ਼ਟਰਵਾਦ ਵਿਚ ਜਾਤੀ, ਜਮਾਤ, ਭਾਸ਼ਾ, ਇਤਿਹਾਸ, ਸੱਭਿਆਚਾਰ ਆਦਿ ਸ਼ਾਮਲ ਹਨ ਜਿਹੜੇ ਕਿ ਇੱਕ ਸਾਂਝੀ ਭਾਸ਼ਾ, ਸਾਂਝਾ ਇਤਿਹਾਸ, ਸਾਂਝੀ ਸੀਮਾ, ਸਾਂਝਾ ਧਰਮ ਤੇ ਭਾਵਨਾਵਾਂ ਨੂੰ ਆਪਸ ਵਿਚ ਵੰਡਾਉਂਦੇ ਹਨ। ਇਸ ਵਿਚ ਇੱਕ ਰਾਸ਼ਟਰ ਵਿੱਚ ਰਹਿਣ ਵਾਲੇ ਲੋਕਾ ਦੀਆਂ ਇਕ ਦੂਸਰੇ ਪ੍ਰਤੀ ਅਭਿਮਾਨ ਅਤੇ ਪਰਿਵਾਰ ਵੀ ਸ਼ਾਮਿਲ ਹੁੰਦਾ ਹੈ ਜਿਹੜਾ ਕਿ ਉਹ ਇਕ ਚੰਗਾ ਨਾਗਰਿਕ ਹੋਣ ਦੇ ਨਾਤੇ ਇੱਕ ਦੂਸਰੇ ਨਾਲ ਸਾਂਝਾ ਕਰਦੇ ਹਨ।

**2.2.3.3 ਰਾਸ਼ਟਰੀ ਏਕਤਾ ਦੀਆਂ ਚੁਣੌਤੀਆਂ:**

ਇੱਕ ਰਾਸ਼ਟਰ ਦੇ ਵਿੱਚ ਵੱਖ-ਵੱਖ ਸ਼ੇਣੀਆਂ ਤੇ ਵੱਖ-ਵੱਖ ਪਹਿਚਾਣ ਵਾਲੇ ਵਿਅਕਤੀਆਂ ਵਿਚ ਸੰਘਰਸ਼ ਜਰੂਰ ਹੁੰਦਾ ਹੈ। ਰਾਸ਼ਟਰੀ ਏਕਤਾ ਦੀਆ ਕੁੱਝ ਚਣੋਤੀਆਂ ਹੇਠ ਲਿਖੇ ਅਨੁਸਾਰ ਹਨ :

**(1) ਸੰਪਰਦਾਇਕਤਾ :** ਕਿਸੇ ਰਾਸ਼ਟਰ ਵਿਚ ਹੋ ਰਹੇ ਸੰਪਰਦਾਇਕ ਝਗੜੇ ਉਸ ਦੇਸ ਦੀ ਰਾਸ਼ਟਰੀ ਏਕਤਾ ਅਤੇ ਭਾਵਨਾਤਮ ਸੰਤੁਲਨ ਨੂੰ ਵਿਗਾੜਦੇ ਹਨ ਅਤੇ ਰਾਸ਼ਟਰੀ ਅਜ਼ਾਦੀ ਨੂੰ ਜੋਖਿਮ ਤੇ ਰੱਖ ਦਿੰਦੇ ਹਨ।ਸੰਪਰਦਾਇਤਕਤਾ ਰਾਸ਼ਟਰੀ ਏਕਤਾ ਅਤੇ ਅਖੰਡਤਾ ਲਈ ਬਹੁਤ ਵੱਡਾ ਖਤਰਾ ਪੇਦਾ ਕਰਦੀ ਹੈ।

**(2) ਜਾਤੀਵਾਦ :** ਕਿਸੇ ਸਮਾਜ ਵਿਚ ਵੱਖ-ਵੱਖ ਜਾਤੀਆਂ ਦੀ ਉਪ ਸਥਿਤੀ ਲੋਕਾਂ ਵਿਚ ਤਣਾਅ ਅਤੇ ਟਕਰਾਵ ਪੈਦਾ ਕਰਦੀ ਹੈ ਜਿਹੜੀ ਰਾਸ਼ਟਰੀ ਏਕਤਾ ਅਤੇ ਅਖੰਡਤਾ ਦੀ ਰਾਹ ਵਿਚ ਬਹੁਤ ਵੱਡਾ ਰੋੜਾ ਬਣਦੀ ਹੈ। ਰਾਸ਼ਟਰੀ ਏਕਤਾ ਦਾ ਵਿਕਾਸ ਉਸ ਸਮੇਂ ਹੋ ਸਕਦਾ ਹੈ ਜਦੋ ਰਾਸ਼ਟਰ ਦੇ ਕੁੱਲ ਨਿਵਾਸੀ, ਆਪਣੇ ਨੂੰ ਇਕ

ਦੂਸਰੇ ਦੇ ਬਰਾਬਰ ਸਮਝਣ ਅਤੇ ਉਹਨਾਂ ਵਿਚ ਉੱਚ ਨੀਚ ਦੀ ਭਾਵਨਾ ਨਾ ਹੋਵੇ। ਅਜਿਹੀ ਹਾਲਤ ਵਿਚ ਵਿਅਕਤੀਆਂ ਵਿਚ ਰੋਸ਼ ਪੈਦਾ ਹੁੰਦਾ ਹੈ। ਰਾਸ਼ਟਰ ਹਿੱਤ ਅਤੇ ਰਾਸ਼ਟਰ ਪ੍ਰੇਮ ਦੇ ਨਾਲ ਨਾਲ ਦੇਸ਼ ਦੇ ਵਿਕਾਸ ਪ੍ਰਤੀ ਰਚਨਾਤਮਕ ਕਾਰਜ ਵੀ ਰੁੱਕ ਜਾਂਦੇ ਹਨ। ਇਸ ਤਰ੍ਹਾਂ ਜਾਤੀ ਪ੍ਰਤੀ ਵਫਾਦਾਰੀ ਰਾਸ਼ਟਰ ਦੀ ਇਕਸਾਰਤਾ ਏਕਤਾ ਅਤੇ ਅਖੰਡਤਾ ਵਿਚ ਰੁਕਾਵਟ ਬਣਦੀ ਹੈ।

**(3) ਭਾਸ਼ਾਵਾਦ :** ਵੱਖ ਵੱਖ ਪ੍ਰਚਾਲਿਤ ਭਾਸ਼ਾਵਾਂ ਵੀ ਰਾਸ਼ਟਰੀ ਏਕਤਾ ਦੀ ਰਾਹ ਵਿਚ ਰੁਕਾਵਟ ਬਣਦੀਆਂ ਹਨ। ਲੋਕ ਆਪਣੀ ਆਪਣੀ ਭਾਸ਼ਾ ਨੂੰ ਮਾਨਤਾ ਦਿੰਦੇ ਹਨ ਜੋ ਕਿ ਇਕ ਰਾਸ਼ਟਰ ਦੇ ਵਾਧੇ ਤੇ ਏਕਤਾ ਲਈ ਰੁਕਾਵਟ ਬਣਦੇ ਹੈ ਭਾਸ਼ਾ ਦੇ ਆਧਾਰ ਤੇ ਲੋਕ ਵੱਖ-ਵੱਖ ਵਰਗਾਂ ਵਿੱਚ ਵੰਡੇ ਜਾਂਦੇ ਹਨ ਅਤੇ ਇਹ ਭਾਸ਼ਾ ਅਧਾਰਿਤ ਵਿਵਾਦ ਕੌਮੀ ਏਕਤਾ ਦੇ ਵਾਧੇ ਵਿਚ ਰੋੜਾ ਬਣਦੀ ਹੈ।

**(4) ਪ੍ਰਾਂਤਵਾਦ ਅਤੇ ਖੇਤਰਵਾਦ :** ਪ੍ਰਾਂਤਵਾਦ ਅਤੇ ਖੇਤਰਵਾਦ ਵੀ ਰਾਸ਼ਟਰੀ ਵਾਧੇ ਅਤੇ ਰਾਸ਼ਟਰੀ ਏਕਤਾ ਦੀ ਰਾਹ ਵਿਚ ਰੁਕਾਵਟ ਬਣਦੇ ਹਨ। ਇੱਕ ਖੇਤਰ ਦੇ ਲੋਕ ਸਿਰਫ ਆਪਣੇ ਖੇਤਰ ਨੂੰ ਹੀ ਪਹਿਲ ਦਿੰਦੇ ਹਨ ਅਤੇ ਆਪਣੇ ਆਪ ਨੂੰ ਦੂਸਰਿਆਂ ਨਾਲੋਂ ਵਧੀਆ ਸਮਝਦੇ ਹਨ। ਕਈ ਵਾਰ ਇੱਕ ਰਾਸ਼ਟਰ ਦੇ ਕਿਸੇ ਇੱਕ ਹਿੱਸੇ ਦੇ ਵਿਕਾਸ ਵਿੱਚ ਸਹਾਈ ਸਿੱਧ ਹੁੰਦੀ ਅਤੇ ਇਸ ਤਰ੍ਹਾਂ ਰਾਸ਼ਟਰੀ ਅਖੰਡਤਾ ਦੇ ਵਿਕਾਸ ਵਿਚ ਰੁਕਾਵਟ ਬਣਦੀ ਹੈ

**(5) ਆਰਥਿਕ ਭਿੰਨਤਾ :** ਰਾਸ਼ਟਰੀ ਏਕਤਾ ਦੇ ਵਾਧੇ ਵਿੱਚ ਆਰਥਿਕ ਭਿੰਨਤਾ ਬਹੁਤ ਵੱਡੀ ਭੂਮਿਕਾ ਨਿਭਾਉਂਦੀ ਹੈ। ਆਰਥਿਕ ਭਿੰਨਤਾ ਨਾਲ ਅਮੀਰ ਅਤੇ ਗਰੀਬ ਵਿਚਲਾ ਫਾਸਲਾ ਵੱਧਦਾ ਜਾਂਦਾ ਹੈ ਜਿਹੜਾ ਲੋਕਾਂ ਵਿਚ ਹਤਾਸ਼ਾ ਪੈਦਾ ਕਰਕੇ ਰਾਸ਼ਟਰੀ ਏਕਤਾ ਦੇ ਵਾਧੇ ਵਿਚ ਰੋੜਾ ਬਣਦਾ ਹੈ

**(6) ਧਰਮ :** ਇੱਕ ਬਹੁ-ਧਰਮੀ ਸਮਾਜ ਵੀ ਆਪਣੇ ਲੋਕਾਂ ਵਿੱਚ ਟਕਰਾਅ ਅਤੇ ਸੰਘਰਸ਼ ਦਾ ਬਹੁਤ ਵੱਡਾ ਕਾਰਨ ਬਣਦਾ ਹੈ। ਜਦੋਂ ਇਕ ਧਰਮ ਆਪਣੇ ਆਪ ਨੂੰ ਬੇਹਤਰ ਸਮਝਦੇ ਹੋਏ ਵਧਾਵਾ ਦਿੰਦਾ ਹੈ ਤਾਂ ਆਪਣੇ ਅਨੁਯਾਈਆਂ ਨੂੰ ਆਪਣੇ ਹਿੱਤਾਂ ਲਈ ਲੜਨ ਨੂੰ ਪ੍ਰੇਰਿਤ ਕਰਦਾ ਹੈ। ਇਹ ਦੂਜੇ ਧਾਰਮਿਕ ਸਮੂਹਾਂ ਵਿਚਕਾਰ ਵਿਗਾੜ ਪੈਦਾ ਕਰਦਾ ਹੈ। ਇਹ ਰਾਸ਼ਟਰੀ ਏਕਤਾ ਦੀ ਰਾਹ ਵਿਚ ਰੁਕਾਵਟ ਬਣਦੇ ਹਨ।

**(7) ਰਾਜਨੀਤਿਕ ਪਾਰਟੀਆਂ :** ਲੋਕਤੰਤਰ ਵਿਚ ਚੇਤਨਾ ਦੇ ਜਨਮ ਤੇ ਮੌਤ ਦੇ ਨਿਰਮਾਣ ਲਈ ਰਾਜਨੀਤਿਕ ਪਾਰਟੀਆਂ ਦਾ ਹੋਣਾ ਬਹੁਤ ਜਰੂਰੀ ਹੈ ਪਰੰਤੂ ਬਹੁਤ ਸਾਰੀਆਂ ਰਾਜਨੀਤਿਕ ਪਾਰਟੀਆਂ ਦੀ ਹੋਂਦ ਆਮ ਤੋਰ ਤੇ ਰਾਸ਼ਟਰੀ ਹਿੱਤ ਨੂੰ ਨੁਕਸਾਨ ਪਹੁੰਚਉਂਦੀ ਹੈ। ਇਨ੍ਹਾ ਸਾਹਮਣੇ ਰਾਸ਼ਟਰੀ ਹਿੱਤ ਨਹੀ; ਸਗੋਂ ਆਪਣੇ ਨਿੱਜੀ ਹਿੱਤ ਹੁੰਦੇ ਹਨ। ਇਸ ਤਰ੍ਹਾਂ, ਇਹ ਰਾਸ਼ਟਰ ਨੂੰ ਵੰਡਣ ਦੇ ਕੰਮਾਂ ਵਿਚ ਜੁੱਟੇ ਰਹਿੰਦੇ ਹਨ ਅਤੇ ਰਾਸ਼ਟਰੀ ਏਕਤਾ ਦਾ ਬਹੁਤ ਵੱਡਾ ਕਾਰਕ ਬਣਦੇ ਹਨ ਜੋ ਰਾਸ਼ਟਰੀ ਏਕਤਾ ਉੱਤੇ ਪ੍ਰਭਾਵ ਪਾਉਂਦੇ ਹਨ।

**(8) ਅਗਵਾਈਕਾਰ ਦੀ ਘਾਟ :** ਕਿਸੇ ਰਾਸ਼ਟਰ ਦੀ ਤੱਰਕੀ ਉਸ ਦੇ ਆਗੂਆਂ ਤੇ ਨਿਰਭਰ ਕਰਦੀ ਹੈ। ਇਕ ਅਸਰਦਾਰ ਅਗਵਾਈ ਰਾਸ਼ਟਰੀ ਏਕਤਾ ਅਤੇ ਅਖੰਡਤਾ ਦਾ ਵਿਕਾਸ ਕਰਦੀ ਹੈ। ਜੇ ਕਿਸੇ ਰਾਸ਼ਟਰ ਦੇ ਆਗੂ ਦੇਸ਼ ਹਿੱਤ ਦੀ ਥਾਂ ਆਪਣੇ ਹਿੱਤ ਵੱਲ ਵੱਧ ਧਿਆਨ ਦੇਣ ਤਾਂ ਰਾਸ਼ਟਰੀ ਏਕਤਾ ਦੀ ਰਾਹ ਵਿਚ ਖਤਰਾ ਪੈਦਾ ਕਰ ਦਿੰਦੇ ਹਨ ਅਤੇ ਇਸ ਨਾਲ ਰਾਸ਼ਟਰੀ ਅਖੰਡਤਾ ਹਰ ਸਮੇਂ ਖਤਰੇ ਵਿਚ ਪਈ ਰਹਿੰਦੀ ਹੈ। ਲੋਕਤੰਤਰ ਦੀ ਸਫਲਤਾ ਲਈ ਉਚਿਤ ਤੇ ਯੋਗ ਨੇਤਾਵਾਂ ਦਾ ਹੋਣਾ ਬਹੁਤ ਜ਼ਰੂਰੀ ਹੈ।

ਇਸ ਪ੍ਰਕਾਰ ਇਹਨਾ ਰੁਕਾਵਟਾਂ ਨੂੰ ਦੇਖਦੇ ਹੋਏ ਰਾਸ਼ਟਰੀ ਏਕਤਾ ਦੇ ਵਧਾਵੇ ਲਈ ਵਿਦਿਆਰਥੀਆਂ ਦੀ ਰਾਸ਼ਟਰੀ ਪਛਾਣ ਦਾ ਵਿਕਾਸ ਕਰਨਾ ਅਜੋਕੇ ਸਮੇਂ ਦੀ ਮੰਗ ਹੈ।

### 2.2.4 ਰਾਸ਼ਟਰੀ ਪਛਾਣ ਦਾ ਸੰਕਲਪ :

**ਰਾਸ਼ਟਰੀ ਪਛਾਣ** ਤੋਂ ਭਾਵ ਉਸ ਰਾਸ਼ਟਰ ਦੇ ਸਾਰੇ ਨਾਗਰਿਕਾਂ ਵਿੱਚ ਵਿਚਾਰਾਂ ਤੇ ਭਾਵਨਾਵਾਂ ਦੀ ਏਕਤਾ ਹੈ। ਰਾਸ਼ਟਰੀ ਪਛਾਣ ਵਿਅਕਤੀ ਦੇ ਵਿਵਹਾਰ ਵਿਚ ਕੁੱਝ ਨਿਸ਼ਚਿਤ ਪਰਿਵਤਰਨ ਲਿਆਉਂਦੀ ਹੈ ਅਤੇ ਰਾਸ਼ਟਰੀ ਏਕਤਾ ਦਾ ਆਧਾਰ ਬਣਦੀ ਹੈ। ਇਹ ਲੋਕਾ ਨੂੰ ਮਾਨਸਿਕ ਤੌਰ ਤੇ ਰਾਸ਼ਟਰੀ ਏਕਤਾ ਲਈ ਤਿਆਰ ਕਰਦੀ ਹੈ ਰਾਸ਼ਟਰੀ ਪਹਿਚਾਣ, ਵਿਅਕਤੀ ਦੇ ਦਿਲ ਅਤੇ ਦਿਮਾਗ ਵਿਚ ਰਾਸ਼ਟਰੀ ਏਕਤਾ ਲਈ ਸੁਰੱਖਿਆ ਦੀ ਰਚਨਾ

ਕਰਦੀ ਹੈ। ਇਹ ਲੋਕਾਂ ਦੇ ਮਨਾਂ ਅਤੇ ਦਿਲਾਂ ਨੂੰ ਸਿਖਲਾਈ ਪ੍ਰਦਾਨ ਕਰਦੀ ਹੈ। ਫੌਜ ਨੂੰ ਲੜਨ ਲਈ ਸਿਰਫ ਸਿਖਲਾਈ ਦੇਣੀ ਹੀ ਕਾਫੀ ਨਹੀਂ ਉਨ੍ਹਾਂ ਨੂੰ ਮਾਨਸਿਕ ਤੌਰ ਤੇ ਵੀ ਤਿਆਰ ਕਰਨਾ ਪੈਂਦਾ ਹੈ ਰਾਸ਼ਟਰੀ ਪਹਿਚਾਣ ਇਸ ਕੰਮ ਨੂੰ ਪੂਰਾ ਕਰਦੀ ਹੈ।

**ਰਾਸ਼ਟਰੀ ਪਹਿਚਾਣ ਦਾ ਸਕਾਰਾਤਮਕ ਅਰਥ** ਰਾਸ਼ਟਰ ਨੂੰ ਏਕਤਾ ਦੇ ਸੂਤਰ ਵਿਚ ਬੰਨਣ ਦਾ ਯਤਨ ਕਰਨਾ ਅਤੇ ਸੰਪੂਰਨ ਰਾਸ਼ਟਰ ਨੂੰ ਆਪਣਾ ਰਾਸ਼ਟਰ ਸਮਝ ਕੇ ਉਸ ਨਾਲ ਪ੍ਰੇਮ ਕਰਨਾ ਹੈ।

**ਰਾਸ਼ਟਰੀ ਪਹਿਚਾਣ ਦਾ ਨਕਾਰਾਤਮਕ ਅਰਥ** ਵੰਡਣ ਵਾਲੇ ਤੱਤਾਂ ਨਾਲ ਨਫਰਤ ਕਰਨਾ ਅਤੇ ਰਾਸ਼ਟਰ ਨੂੰ ਟੁੱਟਣ ਤੋਂ ਬਚਾਉਣਾ ਹੈ।

**ਐਂਥਨੀ ਸਮਿੱਥ** ਅਨੁਸਾਰ ਰਾਸ਼ਟਰੀ ਪਹਿਚਾਣ ਅਜਿਹੀ ਵਿਸ਼ੇਸ਼ ਨਿਰੰਤਰਤਾ ਹੈ ਜਿਹੜੀ ਪੀੜ੍ਹੀ ਦਰ ਪੀੜ੍ਹੀ ਸੰਚਾਰਿਤ ਹੁੰਦੀ ਹੈ। ਅਤੇ ਦ੍ਰਿੜ ਰਹਿੰਦੀ ਹੈ ਇਹ ਰਾਸ਼ਟਰ ਵੱਲ ਆਪਣੇਪਨ ਦੀ ਉਹ ਸਮਝ ਹੈ ਜਿਹੜੀ ਸਾਂਝੇ ਅਵਤਰਨ ਦੀ ਅਭਿਵਿਅਕਤੀ ਨਾਲ ਵੱਧਦੀ ਹੈ।

**ਰੂਪਰਟ ਇਮਰਸਨ** ਅਨੁਸਾਰ ਰਾਸ਼ਟਰੀ ਪਹਿਚਾਣ ਵਿਅਕਤੀ ਦੀ ਅਜਿਹੀ ਪਛਾਣ ਹੈ ਜਿਸ ਨਾਲ ਉਹ ਆਪਣੇ ਆਪ ਨੂੰ ਰਾਸ਼ਟਰ ਮਹਿਸੂਸ ਕਰਦਾ ਹੈ।

**ਹੈਨਰੀ ਤਾਜਫਲ ਅਤੇ ਜਾੱਨ ਟਰਨਰ** ਜਿਹਨਾਂ ਨੇ ਸਮਾਜਿਕ ਪਹਿਚਾਣ ਦੇ ਸਿਧਾਂਤ ਨੂੰ ਘੜਿਆ,ਵੀ ਰੂਪਰਟ ਇਮਰਸਨ ਦੁਆਰਾ ਦਿੱਤੀ ਰਾਸ਼ਟਰੀ ਪਹਿਚਾਣ ਦੀ ਪਰਿਭਾਸ਼ਾ ਦਾ ਸਮਰਥਨ ਕਰਦੇ ਹਨ।

**2.2.5 ਰਾਸ਼ਟਰੀ ਪਹਿਚਾਣ ਵਿਕਸਿਤ ਕਰਨ ਦੀ ਲੋੜ :**

ਸੰਪੂਰਨ ਰਾਸ਼ਟਰੀ ਏਕਤਾ ਭਾਵਨਾਤਮਕ ਏਕਤਾ ਅਤੇ ਇਸਦੇ ਲੋਕਾਂ ਵਿਚਕਾਰ ਇਕ ਸੁਰਤਾ ਤੋ ਬਿਨਾ ਨਹੀ ਆ ਸਕਦੀ। ਰਾਸ਼ਟਰ ਨੂੰ ਹੇਠ ਲਿਖੇ ਉਦੇਸ਼ਾ ਲਈ ਰਾਸ਼ਟਰੀ ਪਹਿਚਾਣ ਵਿਕਸਤ ਕਰਨੀ ਪੈਂਦੀ ਹੈ।

**(1) ਅੰਦਰੂਨੀ ਅਤੇ ਬਾਹਰੀ ਖਤਰਿਆਂ ਦਾ ਮੁਕਾਬਲਾ ਕਰਨ ਲਈ :** ਕਿਸੇ ਰਾਸ਼ਟਰ ਦੀ ਹੋਂਦ ਲਈ ਉਸਦੇ ਨਾਗਰਿਕਾਂ ਵਿਚ ਰਾਸ਼ਟਰੀ ਪਛਾਣ ਨੂੰ ਵਿਕਸਿਤ ਕਰਨਾ ਬਹੁਤ ਜ਼ਰੂਰੀ ਹੋ ਜਾਦਾ ਹੈ ਖਾਸ ਤੋਰ ਤੇ ਉਦੋਂ ਜਦੋਂ ਬਾਹਰੀ ਖਤਰਿਆਂ ਦੇ ਨਾਲ ਨਾਲ ਖੇਤਰਵਾਦ, ਸਾਂਪਰਦਾਇਕਤਾ, ਭਾਸ਼ਾਵਾਦ ਅਤੇ ਕੁਦਰਤੀ ਆਫਤਾਵਾਂ ਵਰਗੇ ਅੰਦਰੂਨੀ ਖਤਰੇ ਵੀ ਗੰਭੀਰ ਰੂਪ ਵਿਚ ਜ਼ੋਰ ਪਕੜ ਰਹੇ ਹੋਣ। ਇਹਨਾ ਖਤਰਿਆਂ ਦਾ ਸਾਹਮਣਾ ਕਰਨ ਲਈ ਨਾਗਰਿਕਾ ਵਿਚ ਰਾਸ਼ਟਰੀ ਪਹਿਚਾਣ ਵਿਕਸਿਤ ਕਰਨ ਦੀ ਲੋੜ ਪੈਂਦੀ ਹੈ। ਉਹ ਇਨਾਂ ਖਤਰਿਆਂ ਦਾ ਮੁਕਾਬਲਾ ਇੱਕਸੁਰਤਾ ਦੀ ਭਾਵਨਾ ਨਾਲ ਕਰਦੇ ਹਨ।

**(2) ਸ਼ਾਂਤੀ ਅਤੇ ਸ਼ੋਹਾਰਦ ਕਾਇਮ ਰੱਖਣ ਲਈ :** ਕਿਸੇ ਰਾਸ਼ਟਰ ਵਿਚ ਸ਼ਾਂਤੀ ਅਤੇ ਸੋਹਾਰਦ ਸਥਾਪਿਤ ਕਰਨ ਲਈ ਉਸਦੇ ਨਾਗਰਿਕਾਂ ਵਿਚ ਕਰੱਤਵ-ਬੋਧ, ਸੇਵਾ, ਅਨੁਸਾਸ਼ਨ ਅਤੇ ਬਲੀਦਾਨ ਦੀ ਸਮਝ ਹੋਣੀ ਬਹੁਤ ਜਰੂਰੀ ਹੈ। ਰਾਸ਼ਟਰੀ ਮਾਣ ਨੂੰ ਮਾਨਣ ਲਈ ਨਾਗਰਿਕਾਂ ਵਿਚ ਅੰਦਰੂਨੀ ਸ਼ਾਂਤੀ ਅਤੇ ਇਕ-ਸੁਰਤਾ ਦੀ ਸਮਝ ਪੈਦਾ ਕਰਨ ਲਈ ਉਹਨਾਂ ਵਿਚ ਰਾਸ਼ਟਰੀ ਪਹਿਚਾਣ ਵਿਕਸਿਤ ਕਰਨ ਦੀ ਲੋੜ ਹੈ।

**(3) ਸਮਾਜਿਕ ਅਤੇ ਆਰਥਿਕ ਪ੍ਰਗਤੀ ਲਈ :** ਕਿਸੇ ਰਾਸ਼ਟਰ ਦੀ ਸਮਾਜਿਕ ਅਤੇ ਆਰਥਿਕ ਪ੍ਰਗਤੀ ਲਈ ਉਥੋਂ ਦੇ ਨਾਗਰਿਕਾਂ ਦਾ ਸਮਾਜ ਵਿਚਲੇ ਸਾਰੇ ਝਗੜਿਆ ਵਿਚੋਂ ਨਿਕਲ ਕੇ ਆਤਮ ਨਿਰਭਰ, ਮਿਹਨਤੀ ਅਤੇ ਖੁਸ਼ਹਾਲ ਹੋਣਾ ਲੋੜੀਂਦਾ ਹੈ। ਜਦੋਂ ਵਿਅਕਤੀਆਂ ਵਿਚ ਰਾਸ਼ਟਰੀ ਪਹਿਚਾਣ ਵਿਕਸਿਤ ਹੁੰਦੀ ਹੈ ਤਾਂ ਉਹ ਸਮਾਜਿਕ ਤਰੱਕੀ ਵਿਚ ਰੋੜਾ ਬਣਦੇ ਪਰੰਪਰਾਗਤ ਬੁਰਾਈਆਂ, ਰਸਮਾਂ, ਰਿਵਾਜਾਂ, ਵਹਿਮਾਂ, ਭਰਮਾਂ ਅਤੇ ਅੰਧਵਿਸ਼ਵਾਸਾਂ ਆਦੀ ਵਿਚੋਂ ਨਿਕਲ ਕੇ ਸੰਭਾਵੀ ਪ੍ਰਗਤੀ ਅਤੇ ਖੁਸ਼ਹਾਲੀ ਵੱਲ ਪ੍ਰਗਤੀਸ਼ੀਲ ਹੋ ਜਾਂਦੇ ਹਨ।

**(4) ਅਨੇਕਤਾ ਵਿਚ ਏਕਤਾ ਵਿਕਸਿਤ ਕਰਨ ਲਈ :** ਅਨੇਕਤਾ ਵਿਚ ਏਕਤਾ ਪੈਦਾ ਕਰਨ ਲਈ ਰਾਸ਼ਟਰੀ ਪਹਿਚਾਣ ਬਹੁਤ ਮੁੱਖ ਭੂਮਿਕਾ ਅਦਾ ਕਰਦੀ ਹੈ। ਭਾਰਤ ਇੱਕ ਅਜਿਹਾ ਅਨੇਕਤਾ ਨਾਲ ਭਰਪੂਰ ਦੇਸ਼ ਹੈ ਜਿੱਥੇ ਰਾਜੀਨਤਿਕ, ਸਮਾਜਿਕ, ਖੇਤਰੀ, ਧਾਰਮਿਕ ਅਤੇ ਸਭਿਆਚਾਰਕ ਅਨੇਕਤਾ ਵਾਸ ਕਰਦੀ ਹੈ। ਇਹਨਾਂ ਸਾਰਿਆ ਵਿਚ ਇਕਸੁਰਤਾ ਅਤੇ ਏਕਤਾ ਸਥਾਪਿਤ ਕਰਨ ਲਈ ਨਾਗਰਿਕਾਂ ਵਿਚ ਰਾਸ਼ਟਰੀ ਪਹਿਚਾਣ ਵਿਕਸਿਤ ਕਰਨਾ ਬਹੁਤ ਜ਼ਰੂਰੀ ਹੋ ਜਾਂਦਾ ਹੈ।

**(5) ਲੋਕਤੰਤਰ :** ਕਿਸੇ ਦੇਸ਼ ਵਿਚ ਲੋਕਤੰਤਰ ਨੂੰ ਬਚਾਉਣ ਬਣਾਏ ਰੱਖਣ ਅਤੇ ਵਧਾਉਣ ਲਈ ਰਾਸ਼ਟਰੀ ਏਕਤਾ ਦੀ ਬਹੁਤ ਲੋੜ ਹੈ। ਜਿਹੜੀ ਕਿ ਰਾਸ਼ਟਰੀ ਪਹਿਚਾਣ ਨੂੰ ਵਿਕਸਿਤ ਕਰਨ ਨਾਲ ਹੀ ਸੰਭਵ ਹੋ ਸਕਦੀ ਹੈ। ਡਾ. ਸੀ.ਡੀ ਦੇਸ਼ਮੁੱਖ ਅਨੁਸਾਰ ਰਾਸ਼ਟਰੀ ਏਕਤਾ ਸਾਡੇ ਲੋਕਤੰਤਰ ਦੀ ਪੂਰਤੀ ਲਈ ਪੂਰਵ ਸ਼ਰਤ ਹੈ, ਨਹੀਂ ਤਾਂ ਫਿਰਕੂ ਸ਼ਕਤੀਆਂ ਦੇਸ਼ ਵਿੱਚ ਬੜੇ ਹਾਨੀਕਾਰਨ ਨਤੀਜੇ ਕੱਢ ਸਕਦੀਆਂ ਹਨ।

**(6) ਰਾਸ਼ਟਰੀ ਏਕਤਾ ਲਈ :** ਵਿਅਕਤੀਆਂ ਵਿਚ ਰਾਸ਼ਟਰੀ ਪਹਿਚਾਣ ਵਿਕਸਿਤ ਕਰਨੀ ਚਾਹੀਦੀ ਹੈ ਤਾਂ ਜੋ ਰਾਸ਼ਟਰ ਵਿਚ ਏਕਤਾ ਕਾਇਮ ਹੋ ਸਕੇ ਕਿਉਂਕਿ ਰਾਸ਼ਟਰੀ ਏਕਤਾ ਹੀ ਦੇਸ਼ ਨੂੰ ਪ੍ਰਗਤੀ ਅਤੇ ਖੁਸ਼ਹਾਲੀ ਦੀ ਰਾਹ ਤੇ ਲੈ ਜਾ ਸਕੇਗੀ। ਰਾਸ਼ਟਰੀ ਏਕਤਾ ਇੱਕ ਪਵਿੱਤਰ ਵਿਸ਼ਵਾਸ ਹੈ ਜੋ ਹਰ ਕੀਮਤ ਤੇ ਬਣਾ ਕੇ ਰੱਖਣਾ ਚਾਹੀਦਾ ਹੈ।

**2.2.6 ਰਾਸ਼ਟਰੀ ਪਹਿਚਾਣ ਦੇ ਤੱਤ :**

ਹੈਨਰੀ ਤਾਜਫਲ ਤੇ ਜਾਨ ਟਰਨਰ ਨੇ ਰਾਸ਼ਟਰੀ ਪਹਿਚਾਣ ਦੇ ਦੋ ਤੱਤ ਸੁਝਾਏ ਹਨ : ਸਵੈ–ਵਰਗੀਕਰਨ ਅਤੇ ਪ੍ਰਭਾਵ।

**(1) ਸਵੈ ਵਰਗੀਕਰਨ :** ਕਿਸੇ ਵਿਅਕਤੀ ਦੀ ਰਾਸ਼ਟਰੀ ਪਹਿਚਾਣ ਦਾ ਇਹ ਤੱਤ ਰਾਸ਼ਟਰ ਨਾਲ ਆਪਣੀ ਪਹਿਚਾਣ ਅੰਤਰ ਨਿਹਿਤ ਕਰਦਾ ਹੈ ਅਤੇ ਇਸ ਕਾਰਨ ਵਿਅਕਤੀ ਆਪਣੇ ਆਪ ਨੂੰ ਰਾਸ਼ਟਰ ਦਾ ਮੈਂਬਰ ਸਮਝਦਾ ਹੈ।

**(2) ਪ੍ਰਭਾਵ :** ਰਾਸ਼ਟਰੀ ਪਹਿਚਾਣ ਦਾ ਇਹ ਭਾਗ ਭਾਵਨਾਵਾਂ ਨਾਲ ਸਬੰਧਤ ਹੈ ਜੋ ਇਕ ਵਿਅਕਤੀ ਆਪਣੀ ਪਹਿਚਾਣ ਨਾਲ ਜੋੜਦਾ ਹੈ ਜਿਸ ਨਾਲ ਉਸਦਾ ਆਪਣੇ ਰਾਸ਼ਟਰ ਨਾਲ ਭਾਵਨਾਤਮਕ ਲਗਾਵ ਪੈਦਾ ਹੁੰਦਾ ਹੈ।

ਇਸ ਪ੍ਰਕਾਰ ਰਾਸ਼ਟਰੀ ਪਹਿਚਾਣ ਨਿਰਮਾਣ ਵਿਚ ਸਵੈ ਵਰਗੀਕਰਨ ਦੀ ਪ੍ਰਕਿਰਿਆ ਦੀ ਜ਼ਰੂਰਤ ਹੁੰਦੀ ਹੈ ਜਿਸ ਵਿਚ ਆਪਣੇ ਰਾਸ਼ਟਰ ਨਾਲ ਜੁੜੀ ਆਪਣੀ ਪਹਿਚਾਣ ਅਤੇ ਦੂਸਰੇ ਦੇਸ਼ਾਂ ਤੋ ਆਪਣੇ ਅੰਤਰ ਦੀ ਸਮਝ ਸ਼ਾਮਿਲ ਹੈ।

**2.2.7 ਰਾਸ਼ਟਰੀ ਪਛਾਣ ਦੀਆਂ ਵਿਸ਼ੇਸ਼ਤਾਵਾਂ :**

ਰਾਸ਼ਟਰੀ ਪਹਿਚਾਣ ਇਕ ਵਿਅਕਤੀ ਨੂੰ ਆਪਣੇ ਰਾਸ਼ਟਰ ਨਾਲ ਇਕਮਿੱਕ ਹੋਣ ਦੀ ਭਾਵਨਾ ਅਤੇ ਆਪਣੇ ਸਾਥੀ ਨਾਗਰਿਕਾਂ ਨਾਲ ਇਕ ਸਾਰਤਾ ਦੀ ਭਾਵਨਾ ਨਾਲ ਨਿਵਾਜਦੀ ਹੈ। ਜਿਸ ਵਿਅਕਤੀ ਕੋਲ ਰਾਸ਼ਟਰੀ ਪਹਿਚਾਣ ਹੈ ਉਸਦੇ ਦਿਮਾਗ ਅਤੇ ਦਿਲ ਵਿਚ ਇਤੇਫਾਕ ਹੈ ਅਤੇ ਉਹ ਆਪਣੇ ਦੇਸ਼ ਪ੍ਰਤੀ ਵਫਾਦਾਰ ਹੈ। ਉਸ ਵਿਚ ਦੇਸ਼ ਪ੍ਰੇਮ ਦੀ ਭਾਵਨਾ ਭਰੀ ਹੁੰਦੀ ਹੈ ਇਸ ਲਈ ਉਹ ਦੇਸ਼ ਦੀ ਇੱਕ–ਮੁੱਠਤਾ ਅਤੇ ਅਖੰਡਤਾ ਦੀ ਕਦਰ ਕਰਦਾ ਹੈ। ਉਸ ਵਿਚ ਦੂਸਰਿਆਂ ਦੇ ਵਿਚਾਰਾਂ ਨੂੰ ਸਹਿਣ ਕਰਨ ਦੀ ਭਾਵਨਾ ਵਿਕਸਿਤ ਹੁੰਦੀ ਹੈ ਜੋ ਉਸਨੂੰ ਮੈਂ ਤੇ ਅਸੀਂ ਦੀ ਸਮਝ ਵੱਲ ਲੈ ਜਾਂਦੀ ਹੈ ਰਾਸ਼ਟਰੀ ਪਛਾਣ ਦੀਆ ਵਿਸ਼ਸੇਤਾਵਾਂ ਹੇਠ ਲਿਖੇ ਅਨੁਸਾਰ ਹਨ।

**(1) ਸਮਾਜਿਕ ਏਕੀਕਰਨ :** ਜਿਸ ਵਿਅਕਤੀ ਕੋਲ ਰਾਸ਼ਟਰੀ ਪਹਿਚਾਣ ਹੈ ਉਸ ਵਿਚ ਸਹਿਣਸ਼ੀਲਤਾ, ਸਹਿਯੋਗ ਕਰਨ, ਲੋਕਤੰਤਰ ਅਤੇ ਇਨਸਾਨੀਅਤ ਵਿਚ ਵਿਸ਼ਵਾਸ, ਨਿਰਸਵਾਰਥਤਾ, ਚੇਤੰਨਤਾ, ਸੰਵੇਦਨਸ਼ੀਲਤਾ ਅਤੇ ਨਿਆਂ ਲਈ ਜਨੂੰਨ ਆਦਿ ਭਾਵਨਾਵਾਂ ਆਪਣੇ ਆਪ ਵਿਕਸਿਕਤ ਹੋ ਜਾਂਦੀਆਂ ਹਨ। ਲੋਕ ਆਪਣੇ ਇੱਕੋ ਜਿਹੇ ਟੀਚਿਆਂ ਅਤੇ ਲਾਭਾਂ ਲਈ ਸਹਿਯੋਗ ਕਰਨਾ ਤੇ ਇੱਕਠੇ ਰਹਿਣਾ ਸਿੱਖ ਜਾਂਦੇ ਹਨ ਜੋ ਕਿ ਸਮਾਜਿਕ ਏਕੀਕਰਨ ਨੂੰ ਉਤਸ਼ਾਹਿਤ ਕਰਦਾ ਹੈ ਅਤੇ ਇਸ ਤਰ੍ਹਾਂ ਵਿਅਕਤੀ ਸਮਾਜਿਕ ਤੋਰ ਤੇ ਇਕ ਜੁੱਟ ਰਹਿੰਦਾ ਹੈ।

**(2) ਰਾਸ਼ਟਰੀ ਅਖੰਡਤਾ ਦਾ ਸਮਾਜੀਕਰਨ :** ਵਿਕਸਿਤ ਰਾਸ਼ਟਰੀ ਪਛਾਣ ਨਾਲ ਨਾਗਰਿਕ ਦੂਸਰੇ ਨਾਗਰਿਕਾ ਪ੍ਰਤੀ ਹਾਂ–ਪੱਖੀ ਜਜ਼ਬਾਤ, ਜ਼ਿੰਮੇਵਾਰੀ ਅਤੇ ਕਰਤੱਵ ਦੀ ਭਾਵਨਾ ਜਾਹਿਰ ਕਰਦੇ ਹਨ। ਨਸਲੀ ਸਮੂੰਹਾਂ ਦੀ ਇੱਕਸਾਰਤਾ ਲਈ ਦੇਸ਼ ਦੀਆਂ ਅਦਭੁੱਤ ਪ੍ਰਾਪਤੀਆਂ ਵੀ ਸ਼ਲਾਘਾ ਕਰਨਾ ਦੀ ਰਾਸ਼ਟਰੀ ਮਾਣ ਦੇ ਸਮਾਜੀਕਰਨ ਦਾ ਪ੍ਰਤੀਕ ਹੈ।

**(3) ਸੱਭਿਆਚਾਰਕ ਏਕੀਕਰਨ :** ਰਾਸ਼ਟਰੀ ਪਹਿਚਾਣ ਵਾਲੇ ਲੋਕ ਅਲੱਗ–ਅਲੱਗ ਧਰਮਾਂ ਖੇਤਰਾਂ ਅਤੇ ਭਾਸ਼ਾਵਾਂ ਆਦਿ ਦੇ ਚੰਗੇ ਗੁਣਾਂ ਦੀ ਇਕ ਸਾਰਤਾ ਦੀ ਮੰਗ ਕਰਦੇ ਹਨ। ਉਹ ਸਾਰੇ ਸੱਭਿਆਚਾਰਾਂ ਨੂੰ ਸੁਆਰ ਕੇ

ਅਤੇ ਆਪਸ ਵਿਚ ਲੀਨ ਕਰਕੇ ਸਾਰੇ ਰਾਸ਼ਟਰ ਲਈ ਇਕ ਸਾਂਝਾ ਅਤੇ ਅਹਿਮ ਸੱਭਿਆਚਾਰ ਉਤਪੰਨ ਕਰਨਾ ਚਾਹੁੰਦੇ ਹਨ ਜਿਸ ਵਿਚ ਰਾਸ਼ਟਰੀ ਚਿੰਨ੍ਹਾਂ, ਪਰੰਪਰਾਵਾਂ ਅਤੇ ਪ੍ਰਾਪਤੀਆਂ ਆਦਿ ਵਰਗ ਸਮੂਹਿਕ ਤੇ ਸਾਂਝੇ ਤੱਤ ਸ਼ਾਮਿਲ ਹੋਣ।

**(4) ਆਰਥਿਕ ਏਕੀਕਰਨ :** ਵਿਕਸਿਤ ਰਾਸ਼ਟਰੀ ਪਛਾਣ ਵਾਲੇ ਲੋਕ ਆਰਥਿਕ ਅਸਮਾਨਤਾ ਅਤੇ ਵਰਗਾਂ ਦੇ ਫਰਕ ਵਿਚ ਕਮੀ ਚਾਹੁੰਦੇ ਹਨ। ਉਹ ਸਮੁੱਚੇ ਤੌਰ ਤੇ ਲੋਕਾਂ ਦੇ ਰਹਿਣ ਸਹਿਣ ਦੇ ਪੱਧਰ ਵਿਚ ਸੁਧਾਰ ਕਰਨ ਤੇ ਜੋਰ ਦਿੰਦੇ ਹਨ।

**(5) ਭਾਵਨਾਤਮਕ ਏਕੀਕਰਨ :** ਵਿਕਸਿਤ ਪਛਾਣ ਵਾਲੇ ਲੋਕਾਂ ਦੇ ਵਿਚਾਰਾਂ ਅਤੇ ਭਾਵਨਾਵਾਂ ਵਿਚ ਏਕਤਾ ਹੁੰਦੀ ਹੈ। ਉਹਨਾਂ ਵਿਚ ਸਾਂਝੇ ਉਦੇਸ਼ਾਂ ਮਕਸਦਾਂ ਜਾਂ ਆਦਰਸ਼ਾਂ ਦੀ ਉਹ ਭਾਵਨਾ ਹੁੰਦੀ ਹੈ ਜਿਸਨੂੰ ਉਹ ਵਿਭਾਗੀ ਵਫਾਦਾਰੀਆਂ ਨਾਲੋ ਪਹਿਲ ਦਿੰਦੇ ਹਨ। ਉਹਨਾ ਵਿੱਚ ਭਾਵਨਾਤਮਕ ਏਕੀਕਰਨ ਹੁੰਦਾ ਹੈ ਕਿਉਂਕਿ ਰਾਸ਼ਟਰੀ ਨਿਰਮਾਣ ਉਹਨਾਂ ਨੂੰ ਇੱਕ ਜੁੱਟਤਾ ਦੀ ਭਾਵਨਾ ਨਾਲ ਨਿਵਾਜਦੀ ਹੈ ਅਤੇ ਸਾਰੀਆਂ ਵਿਭਿੰਨਤਾਵਾਂ ਨੂੰ ਕਾਇਮ ਰੱਖਦੇ ਹੋਏ ਉਹਨਾਂ ਨੂੰ ਮਜਬੂਤ ਰਾਸ਼ਟਰੀ ਏਕਤਾ ਦਾ ਹਿੱਸੇਦਾਰ ਬਣਾਉਂਦੀ ਹੈ।

ਇਸ ਤਰ੍ਹਾਂ ਰਾਸ਼ਟਰੀ ਪਛਾਣ ਵਿਚ ਮਨ ਅਤੇ ਬੁੱਧੀ ਦਾ ਏਕੀਕਰਨ ਅਤੇ ਵੱਖਵਾਦ ਦੀ ਭਾਵਨਾਵਾਂ ਦਾ ਦਮਨ ਸ਼ਾਮਿਲ ਹੁੰਦਾ ਹੈ।

**2.2.8 ਸਕੂਲੀ ਸਿੱਖਿਆ ਅਤੇ ਰਾਸ਼ਟਰੀ ਪਛਾਣ :**

ਸਕੂਲੀ ਸਿੱਖਿਆ ਬੱਚਿਆ ਦੇ ਦਿਲਾਂ ਵਿਚ, ਉਨ੍ਹਾਂ ਦੇ ਦੇਸ਼ ਦੇ ਪ੍ਰਤੀ ਪਿਆਰ ਅਤੇ ਵਫਾਦਾਰੀ ਦੀ ਭਾਵਨਾ ਉਤਪੰਨ ਕਰਦੀ ਹੈ। ਇਹ ਸਿੱਖਿਆ ਪ੍ਰਾਪਤ ਕਰਕੇ ਬੱਚੇ ਆਪਣੇ ਦੇਸ਼ ਅਤੇ ਉਸਦੀ ਹਰ ਇੱਕ ਚੀਜ ਨੂੰ ਪਿਆਰ ਕਰਨ ਲੱਗ ਪੈਂਦੇ ਹਨ। ਭਾਰਤ ਇੱਕ ਭਿੰਨ ਭਿੰਨ ਜਾਤੀਆਂ, ਧਰਮਾਂ ਭਾਸ਼ਵਾਂ ਅਤੇ ਸਭਿੱਆਚਾਰਕ ਪਰੰਪਰਾਵਾ ਦਾ ਦੇਸ਼ ਹੈ ਜੋ, ਰਾਸ਼ਟਰੀ ਪਹਿਚਾਣ ਵਿਕਸਿਤ ਨਾਂ ਹੋਣ ਦੀ ਸੂਰਤ ਵਿਚ ਰਾਸ਼ਟਰੀ ਏਕਤਾ ਦੀ ਰਾਹ ਵਿਚ ਰੁਕਾਵਟ ਸਿੱਧ ਹੋ ਸਕਦੇ ਹਨ। ਇੱਥੇ ਸਿਰਫ ਸਿੱਖਿਆ ਹੀ ਲੋਕਾਂ ਦੇ ਮਨਾ ਵਿਚ ਇਹ ਸਾਰੇ ਭੇਦ ਭਾਵ ਮਿਟਾ ਕੇ ਰਾਸ਼ਟਰੀ ਪਹਿਚਾਣ ਵਿਕਸਿਤ ਕਰਦੀ ਹੈ। ਸਕੂਲੀ ਸਿੱਖਿਆ ਦੌਰਾਨ ਵਿਦਿਆਰਥੀਆਂ ਵਿਚ ਰਾਸ਼ਟਰੀ ਪਹਿਚਾਣ ਵਿਕਸਿਤ ਕਰਨ ਦੇ  ਅਤੇ ਸਾਧਨ ਹੇਠ ਲਿਖੇ ਅਨੁਸਾਰ ਹਨ।

**(1) ਸਿੱਖਿਆ ਦਾ ਪਾਠਕ੍ਰਮ :** ਸਾਡੇ ਦੇਸ਼ ਵਿਚ ਰਾਸ਼ਟਰੀ ਏਕਤਾ ਉਤਪੰਨ ਕਰਨ ਲਈ , ਪਾਠਕ੍ਰਮ ਨੂੰ ਨਵੇਂ ਸਿਰੇ ਤੋ ਮੁੜ ਉਸਾਰਨ ਦੀ ਲੋੜ ਹੈ। ਕਿ ਭਾਰਤ ਦੀ ਕਿਸਮਤ ਉਸਦੇ ਸਕੂਲਾਂ ਦੀ ਸ਼੍ਰੇਣੀ ਦੇ ਕਮਰਿਆਂ ਵਿਚ ਘੜੀ  ਜਾਂਦੀ ਹੈ ਪਰੰਤੂ ਇਹ ਕਾਰਜ ਪੁਰਾਣੇ ਪਾਠਕ੍ਰਮ ਦੁਆਰਾ ਸੰਪੰਨ ਨਹੀ ਹੋ ਸਕਦਾ। ਇਸ ਲਈ ਨਵੀਂ ਕਿਸਮ ਦੇ ਪਾਠਕ੍ਰਮ ਦੀ ਰਚਨਾ, ਅਜੋਕੇ ਸਮੇਂ ਦੀਆਂ ਲੋੜਾਂ ਤੇ ਰਾਸ਼ਟਰੀ ਏਕਤਾ ਦੇ ਉਦੇਸ਼ ਨੂੰ ਸਾਹਮਣੇ ਰੱਖ ਕੇ ਕਰਨੀ ਚਾਹੀਦੀ ਹੈ। ਪਾਠਕ੍ਰਮ ਨੂੰ ਦੇਸ਼ ਦੇ ਵਿਸ਼ਾਲ ਹਿੱਤਾਂ ਲਈ ਢਾਲਣ ਦੀ ਲੋੜ ਹੈ ਜੇਕਰ ਪ੍ਰਵਾਨਿਤ ਕੀਤੇ ਵਿਸ਼ੇ ਠੀਕ ਢੰਗ ਨਾਲ ਪੜ੍ਹਾਏ ਜਾਣ ਤਾਂ ਸਾਡੀ ਸਿੱਖਿਆ ਦਾ ਪਾਠਕ੍ਰਮ ਰਾਸ਼ਟਰੀ ਪਹਿਚਾਣ ਵਿਕਸਿਤ ਕਰਨ ਅਤੇ ਰਾਸ਼ਟਰੀ ਏਕਤਾ ਉਤਪੰਨ ਕਰਨ ਵਿਚ ਸਹਾਈ ਸਿੱਧ ਹੋ ਸਕਦਾ ਹੈ।

**(2) ਆਗੂਆਂ ਦੇ ਜੀਵਨ ਬਾਰੇ ਜਾਣਕਾਰੀ ਦੇਣਾ :** ਸਮਾਜ ਦੇ ਵੱਖ ਵੱਖ ਭਾਗਾ ਨਾਲ ਸਬੰਧ ਰੱਖਣ ਵਾਲੇ ਆਗੂਆਂ ਦੀਆਂ ਪ੍ਰਾਪਤੀਆਂ ਬਾਰੇ ਬੱਚਿਆਂ ਨੂੰ ਪੜ੍ਹਾਇਆ ਜਾਣਾ ਚਾਹੀਦਾ ਹੈ।

**(3) ਧਾਰਮਿਕ ਤੇ ਨੈਤਿਕ ਸਿੱਖਿਆ :** ਭਾਰਤ ਇੱਕ ਧਰਮ੍ਨਿਰਪੱਖ ਦੇਸ਼ ਹੈ ਇੱਥੇ ਸਕੂਲਾਂ ਵਿਚ ਪ੍ਰਤੱਖ ਰੂਪ ਵਿਚ ਕਿਸੇ ਧਰਮ ਦ ਸਿੱਖਿਆ ਨਹੀਂ ਦਿੱਤੀ ਜਾ ਸਕਦੀ। ਵਿਦਿਆਰਥੀਆਂ ਨੂੰ ਸਾਰੇ ਧਰਮਾਂ ਦੇ ਨੈਤਿਕ ਗੁਣਾਂ ਅਤੇ ਸਿੱਖਿਆਵਾਂ ਦਾ ਠੀਕ ਗਿਆਨ ਪ੍ਰਦਾਨ ਕੀਤਾ ਜਾਣਾ ਚਾਹੀਦਾ ਹੈ। ਇਸ ਦੁਆਰਾ, ਉਨ੍ਹਾਂ ਵਿਚ ਸੱਚਾਈ, ਈਮਾਨਦਾਰੀ, ਸਹਿਣਸ਼ੀਲਤਾ ਤੇ ਆਪਸੀ ਪ੍ਰੇਮ ਦੀਆਂ ਭਾਵਨਾਵਾਂ ਉਤਪੰਨ ਹੋਣਗੀਆਂ ਇਸਦੇ ਨਤੀਜੇ ਵੱਜੋਂ ਰਾਸ਼ਟਰੀ ਪਹਿਚਾਣ ਵਿਕਸਿਤ ਹੋਵੇਗੀ।

**(4) ਰਾਸ਼ਟਰ ਦਿਵਸ ਮਨਾਉਣਾ :** ਸਭ ਸਕੂਲਾਂ ਨੂੰ ਰਾਸ਼ਟਰੀ ਮਹੱਤਵ ਦੇ ਦਿਵਸਾਂ ਨੂੰ ਮਨਾਉਣਾ ਚਾਹੀਦਾ ਹੈ। ਗਾਂਧੀ ਜਯੰਤੀ, ਅਧਿਆਪਕ ਦਿਵਸ, ਸੁਤੰਤਰਤਾ ਦਿਵਸ, ਗਣਤੰਤਰ ਦਿਵਸ ਆਦਿ ਸਕੂਲਾਂ ਵਿੱਚ ਮਨਾਏ ਜਾਣੇ ਚਾਹੀਦੇ ਹਨ।

**(5) ਮਹਾਨ ਵਿਅਕਤੀਆਂ ਦੀ ਯਾਦਗਾਰੀ :** ਸਕੂਲਾਂ ਵਿੱਚ ਮਹਾਨ ਵਿਅਕਤੀਆਂ ਜਿਵੇਂ ਸ੍ਰੀ ਕ੍ਰਿਸ਼ਨ, ਗੁਰੂ ਨਾਨਕ ਦੇਵ ਭਗਵਾਨ ਮਹਾਵੀਰ, ਮਹਾਤਮਾ ਬੁੱਧ ਈਸਾ ਮਸੀਹ, ਪੈਗੰਬਰ ਮਹੁੰਮਦ ਸਾਹਿਬ, ਮਹਾਤਮਾ ਗਾਂਧੀ , ਨਹਿਰੂ ਆਦਿ ਦੇ ਜਨਮ ਦਿਨਾਂ ਨੂੰ ਮਿਲ ਕੇ ਮਨਾਉਣਾ ਚਾਹੀਦਾ ਹੈ ਅਤੇ ਉਹਨਾਂ ਦੀਆਂ ਦੇਣਾਂ ਨਾਲ ਵਿਦਿਆਰਥੀਆਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ।

**(6) ਭਿੰਨ-ਭਿੰਨ ਸਮੁਦਾਇਆਂ ਦੇ ਤਿਉਹਾਰ :** ਭਿੰਨ-ਭਿੰਨ ਸਮੁਦਾਇਆਂ ਦੇ ਤਿਉਹਾਰਾਂ ਜਿਵੇ ਗੁਰਪੁਰਬ, ਗਣੇਸ਼ ਪੂਜਾ, ਈਦ, ਕ੍ਰਿਸਮਿਸ ਆਦਿ ਦਾ ਸਕੂਲਾਂ ਵਿੱਚ ਆਯੋਜਨ ਕੀਤਾ ਜਾਣਾ ਚਾਹੀਦਾ ਹੈ। ਇਹ ਵਿਦਿਆਰਥੀਆਂ ਵਿੱਚ ਆਪਸੀ ਸਮਝ ਤੇ ਦੂਸਰੇ ਦੇ ਧਰਮ ਪ੍ਰਤੀ ਪ੍ਰੇਮ ਦੀ ਭਾਵਨਾ ਉਤਪੰਨ ਕਰੇਗਾ। ਇਸ ਨਾਲ ਰਾਸ਼ਟਰੀ ਪਹਿਚਾਣ ਅਤੇ ਰਾਸ਼ਟਰੀ ਸਦਭਾਵਨਾ ਦਾ ਵਿਕਾਸ ਹੋਵੇਗਾ।

**(7) ਯੁਵਕ-ਉਤਸਵਾਂ ਦਾ ਆਯੋਜਨ :** ਰਾਜ ਪੱਧਰ ਤੇ ਭਿੰਨ-ਭਿੰਨ ਸੱਭਿਆਚਾਰਾਂ ਦੇ ਯੁਵਕ ਉਤਸਵਾਂ ਦਾ ਆਯੋਜਨ ਕੀਤਾ ਜਾਣਾ ਚਾਹੀਦਾ ਹੈ। ਇਸ ਨੂੰ ਸਕੂਲੀ ਪੱਧਰ ਤੋ ਆਰੰਭ ਕਰਕੇ ਰਾਸ਼ਟਰੀ ਪੱਧਰ ਤੱਕ ਲੈ ਜਾਣਾ ਚਾਹੀਦਾ ਹੈ।

**(8) ਵਾਦ-ਵਿਵਾਦ ਅਤੇ ਵਿਚਾਰ ਗੋਸ਼ਠੀਆਂ ਦਾ ਆਯੋਜਨ :** ਰਾਸ਼ਟਰੀ ਸਦਭਾਵਨਾ ਵਿਸ਼ੇ ਉਤੇ ਵਾਦ ਵਿਵਾਦ, ਵਿਚਾਰ ਗੋਸ਼ਠੀਆਂ, ਗੀਤ, ਨਾਟਕ ਆਦਿ ਦਾ ਆਯੋਜਨ ਕੀਤਾ ਜਾਣਾ ਚਾਹੀਦਾ ਹੈ। ਇਸਨੂੰ ਵੀ ਸਕੂਲ ਪੱਧਰ ਤੋਂ ਆਰੰਭ ਕਰਕੇ ਰਾਸ਼ਟਰੀ ਪੱਧਰ ਤੱਕ ਲੈ ਜਾਣਾ ਚਾਹੀਦਾ ਹੈ।

**(9) ਵਿਸਥਾਰ ਭਾਸ਼ਣ :** ਪ੍ਰਸਿੱਧ ਵਿਅਕਤੀ ਜੋ ਕਿ ਰਾਸ਼ਟਰੀ ਹਿੱਤ ਦੇ ਵਿਭਿੰਨ ਕਾਰਜਾ ਵਿਚ ਰੁੱਝੇ ਹੋਏ ਹਨ ਉਹਨਾਂ ਨੂੰ ਸਕੂਲਾਂ ਵਿਚ ਵਿਸਥਾਰ ਭਾਸ਼ਣ ਦੇਣ ਲਈ ਸੱਦਾ ਦੇਣਾ ਚਾਹੀਦਾ ਹੈ ਵਿਦਿਆਰਥੀਆਂ ਨੂੰ ਉਨ੍ਹਾਂ ਵਿਅਕਤੀਆ ਨਾਲ ਵਾਰਤਾਲਾਪ ਕਰਨ ਦੇ ਮੋਕੇ ਦੀ ਪ੍ਰਦਾਨ ਕਰਨੇ ਚਾਹੀਦੇ ਹਨ।

**(10) ਮਿੱਤਰਤਾ ਕਲੱਬ :** ਵੱਖ ਵੱਖ ਪ੍ਰਾਤਾਂ ਦੇ ਬੱਚਿਆਂ ਦੀਆ ਮਿੱਤਰਤਾ ਕਲੱਬ ਬਣਾਈਆਂ ਜਾਣੀਆਂ ਚਾਹੀਦੀਆ ਹਨ ਤਾਂ ਜੋ ਉਹ ਇੱਕ ਦੂਜੇ ਨਾਲ ਚਿੱਠੀ ਪੱਤਰ ਕਰ ਸਕਣ ਅਤੇ ਰਾਸ਼ਟਰੀ ਮੱਹਤਵ ਵਾਲੇ ਵਿਸ਼ਿਆ ਉੱਤੇ ਵਿਚਾਰ ਵਟਾਂਦਰਾ ਕਰਨ ਸਕਣ।

**(11) ਭਾਵਨਾਤਮਿਕ ਸੰਗਠਨ ਲਈ ਪ੍ਰੋਜੈਕਟ :** ਸਕੂਲਾਂ ਵਿਚ ਭਾਵਨਾਤਮਿਕ ਏਕਤਾ ਸਬੰਧਤ ਪ੍ਰੋਜੈਕਟ ਆਯੋਜਿਤ ਕਰਨੇ ਚਾਹੀਦੇ ਹਨ। ਵਿਦਿਆਰਥੀਆਂ ਦੇ ਸਮੂਹ ਬਣਾ ਕੇ ਉਨਾਂ ਨੂੰ ਰਾਸ਼ਟਰ ਦੇ ਵੱਖ ਵੱਖ ਖੇਤਰਾਂ ਦੇ ਇਤਿਹਾਸ , ਭੁਗੋਲ ਅਤੇ ਲੋਕਾਂ ਦੇ ਜੀਵਨ ਬਾਰੇ ਅਧਿਐਨ ਕਰਕੇ ਉਨਾਂ ਉੱਤੇ ਨਿਬੰਧ ਲਿਖਣ ਅਤੇ ਐਲਬਮਾ ਆਦਿ ਬਣਾਉਣ ਦੇ ਪ੍ਰੋਜੈਕਟ ਦਿੱਤੇ ਜਾਣ ਅਤੇ ਫਿਰ ਉਨ੍ਹਾ ਨੂੰ ਸਾਰਿਆਂ ਵਿਦਿਆਰਥੀਆਂ ਵਿਚ ਪੜ੍ਹਿਆ ਤੇ ਪ੍ਰਚਾਰਿਆ ਜਾਵੇ।

**(12) ਆਹਮੋ-ਸਾਹਮਣੇ ਦੇ ਸੰਪਰਕ :** ਸਕੂਲ ਦੀਆਂ ਕਿਰਿਆਵਾਂ ਤੋਂ ਇਲਾਵਾ ਰਾਸ਼ਟਰੀ ਪਹਿਚਾਣ ਅਤੇ ਰਾਸ਼ਟਰੀ ਏਕਤਾ ਦੇ ਵਿਕਾਸ ਲਈ ਬਹੁਤ ਸਾਰੀਆਂ ਕਿਰਿਆਵਾਂ ਸਕੂਲ ਤੋਂ ਬਾਹਰ ਵੀ ਕਰਵਾਈਆਂ ਜਾ ਸਕਦੀਆ ਹਨ। ਇਨਾਂ ਕਿਰਿਆਵਾਂ ਦੇ ਅੰਤਰਗਤ ਬੱਚੇ ਆਪਣੇ ਪ੍ਰਾਂਤ ਦੇ ਸਥਾਨਿਕ ਥਾਂ ਤੋ ਬਾਹਰ ਜਾ ਕੇ ਹੋਰ ਲੋਕਾਂ ਨੂੰ ਆਹਮੋ ਸਾਹਮਣੇ ਮਿਲਦੇ ਹਨ, ਵਾਤਰਤਾਲਾਪ ਕਰਦੇ ਹਨ ਅਤੇ ਉਨ੍ਹਾ ਬਾਰੇ ਆਪ ਜਾਣਕਾਰੀ ਪ੍ਰਾਪਤ ਕਰਦੇ ਹਨ। ਇਸ ਲਈ ਸੰਕੀਰਣ ਖੇਤਰੀਵਾਦ ਅਤੇ ਸਮੂਹਿਕ ਵਫਾਦਾਰੀ ਦੀਆ ਦੀਵਾਰਾ ਟੁੱਟਦੀਆਂ ਹਨ।

**(13) ਸ਼ਮਾਜ ਤੇ ਰਾਸ਼ਟਰ ਸੇਵਾ :** ਵਰਤਮਾਨ ਸਿੱਖਿਆ ਪੜ੍ਹੇ-ਲਿਖੇ ਤੇ ਅਨਪੜ੍ਹਾਂ ਦੇ ਵਿਚਕਾਰਲੀ ਦੂਰੀ ਨੂੰ ਵਧਾ ਰਹੀ ਹੈ। ਪੜ੍ਹੇ ਲਿਖੇ ਵਰਗ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹਨਾਂ ਅਨਪੜ੍ਹਾ ਦੇ ਪੱਧਰ ਨੂੰ ਉੱਚਾ ਚੁੱਕਣ ਵਿਚ ਸਹਾਇਤਾ ਕਰਨ ਇਸ ਟੀਚੇ ਦੀ ਪੂਰਤੀ ਲਈ ਸਮਾਜਿਕ ਤੇ ਰਾਸ਼ਟਰੀ ਸੇਵਾਵਾਂ ਉੱਤੇ ਜ਼ੋਰ ਦੇਣਾ ਚਾਹੀਦਾ ਹੈ। ਇਸਨੂੰ ਸਿੱਖਿਆ ਦਾ ਅਣਖਿੱੜਵਾਂ ਤੇ ਅੰਦਰੂਨੀ ਅੰਗ ਬਣਾਉਣਾ ਚਾਹੀਦਾ ਹੈ ਅਤੇ ਸਾਰੇ

ਵਿਦਿਆਰਥੀਆਂ ਨੂੰ ਇਸ ਵਿਚ ਭਾਗ ਲੈਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਇਸ ਦੁਆਰਾ ਉਨ੍ਹਾਂ ਦੇ ਮਨ ਵਿਚ ਸਮਾਜ ਤੇ ਰਾਸ਼ਟਰ ਪ੍ਰਤੀ ਆਦਰ ਦੀ ਭਾਵਨਾ ਪੈਦਾ ਹੁੰਦੀ ਹੈ ਆਪਸੀ ਪ੍ਰੇਮ ਅਤੇ ਮਿਲਵਰਤਨ ਵਿਚ ਵਾਧਾ ਹੁੰਦਾ ਹੈ, ਜੋ ਰਾਸ਼ਟਰੀ ਏਕਤਾ ਲਈ ਬਹੁਤ ਜ਼ਰੂਰੀ ਹੈ। ਇਸ ਲਈ ਐਨ.ਸੀ.ਸੀ ਐਨ.ਐਸ.ਐਸ ਆਦਿ ਸਮਾਜਿਕ ਤੇ ਰਾਸ਼ਟਰੀ ਸੇਵਾਵਾਂ ਹਰੇਕ ਵਿਦਿਆਰਥੀ ਲਈ ਲਾਜਮੀ ਹੋਣੀਆ ਚਾਹੀਦੀਆ ਹਨ।

ਇਸ ਤਰ੍ਹਾਂ ਸੂਕਲ ਸਿੱਖਿਆ ਰਾਸ਼ਟਰੀ ਪਹਿਚਾਣ ਨਿਰਮਾਣ ਵਿਚ ਅਹਿਮ ਭੂਮਿਕਾ ਅਦਾ ਕਰਦੀ ਹੈ ਰਾਸ਼ਟਰੀ ਪਹਿਚਾਣ ਨਿਰਮਾਣ ਸਾਧਨਾ ਦੀ ਉੱਚਿਤ ਵਰਤੋਂ ਨੂੰ ਯਕੀਨੀ ਬਣਾਉਂਦੀ ਹੈ ਅਤੇ ਦੇਸ਼ ਦੇ ਨਾਗਰਿਕਾ ਨੂੰ ਆਪਣੇ ਗਿਆਨ ਅਤੇ ਕੌਸ਼ਲ ਦੁਆਰਾ ਮਜ਼ਬੂਤ ਰਾਸ਼ਟਰ ਨਿਰਮਾਣ ਵਿਚ ਯੋਗਦਾਨ ਪਾਉਣ ਦੇ ਯੋਗ ਬਣਾਉਂਦੀ ਹੈ

## 6.9 ਧਰਮ-ਨਿਰਪੱਖ ਪਛਾਣ ਦਾ ਵਿਕਾਸ :

ਭਾਰਤ ਨੇ ਇੱਕ ਬਹੁਧਰਮੀ ਅਤੇ ਬਹੁ-ਸੱਭਿਆਚਾਰਕ ਸਮਾਜ ਹੋਣ ਦੇ ਬਾਵਜੂਦ ਆਪਣੇ ਆਪ ਨੂੰ ਇੱਕ ਧਰਮ-ਨਿਰਪੱਖ ਰਾਜ ਬਣਾਇਆ ਹੈ ਜਿਸ ਵਿੱਚ ਸਾਰੇ ਸਮੁਦਾਇ ਵਿਸ਼ਵਾਸ ਅਤੇ ਪ੍ਰਸਿੱਧੀ ਨਾਲ ਫਲਦੇ-ਫੁੱਲਦੇ ਹਨ; ਜਿੱਥੇ ਅਲੱਗ-ਅਲੱਗ ਸਮਾਜਿਕ ਅਤੇ ਸੱਭਿਆਚਾਰਕ ਪਰੰਪਰਾਵਾਂ ਆਜ਼ਾਦੀ ਨਾਲ ਵਿਕਸਿਤ ਹੁੰਦੀਆਂ ਹਨ ਅਤੇ ਸਾਰੇ ਨਾਗਰਿਕ ਆਪਣੀ ਲੋੜਾਂ ਦੀ ਪੂਰਤੀ ਅਤੇ ਸਮਾਜਿਕ ਤਰੱਕੀ ਲਈ ਆਪਣੀਆਂ ਯੋਗਤਾਵਾਂ ਨੂੰ ਵਧੀਆ ਤਰੀਕੇ ਨਾਲ ਵਰਤਦੇ ਹਨ। ਭਾਰਤੀ ਸੰਵਿਧਾਨ ਭਾਰਤ ਨੂੰ ਇੱਕ ਧਰਮ-ਨਿਰਪੱਖ ਰਾਜ ਬਣਨ ਤੇ ਜ਼ੋਰ ਦਿੰਦਾ ਹੈ। ਭਾਰਤ ਵਿੱਚ ਧਰਮ-ਨਿਰਪੱਖਤਾ ਲਈ ਲੋਕਤੰਤਰੀ ਪ੍ਰਣਾਲੀ ਨੂੰ ਸਰਵਉੱਚ ਮੰਨਿਆ ਗਿਆ ਹੈ ਅਤੇ ਕਿਸੇ ਬਹੁਧਰਮੀ ਅਤੇ ਬਹੁ ਸੱਭਿਆਚਾਰਕ ਸਮਾਜ ਜਿਵੇਂ ਭਾਰਤ ਵਿੱਖ ਲੋਕਤੰਤਰੀ ਪ੍ਰਣਾਲੀ ਸਿਰਫ਼ ਧਰਮ-ਨਿਰਪੱਖ ਢਾਂਚੇ ਵਿੱਚ ਹੀ ਵਿਕਸਿਤ ਹੋ ਸਕਦੀ ਹੈ।

## 6.10 ਧਰਮ-ਨਿਰਪੱਖਤਾ ਦਾ ਅਰਥ ਅਤੇ ਸੰਕਲਪ :

**ਅੰਗਰੇਜ਼ਾਂ** ਦੇ ਸਮੇਂ, ਧਰਮ-ਨਿਰਪੱਖਤਾ ਉਸ ਵਿਸ਼ਵਾਸ ਜਾਂ ਰਵੱਈਆ ਜਾਂ ਸਥਿਤੀ ਨੂੰ ਦੱਸਣ ਦੇ ਕੰਮ ਆਉਂਦੀ ਸੀ ਜੋ ਖ਼ਾਸ ਤੌਰ ਤੇ ਕਿਸੇ ਧਾਰਮਿਕ ਸੰਪਰਦਾਇ ਨਾਲ ਜੁੜੀ ਨਹੀਂ ਸੀ।

**ਧਰਮ-ਨਿਰਪੱਖਤਾ (Secularism) ਸ਼ਬਦ**, ਲਤੀਨੀ ਭਾਸ਼ਾ ਦੇ ਸ਼ਬਦ 'Saculum' ਤੋਂ ਲਿਆ ਗਿਆ ਹੈ ਜਿਸਦਾ ਮਤਲਬ ਹੈ ਉਮਰ ਜਾਂ ਯੁੱਗ ਭਾਵ ਇੱਕ ਉਮਰ ਜਾਂ ਸਦੀ ਜਾਂ ਚਲ ਰਹੇ ਸਮੇਂ ਵਿੱਚ ਵਾਪਰਨਾ।

**ਜਾਰਜ ਜੈੱਕਬ ਹੋਲਿਅਕ** ਨੇ ਇਸ ਨੂੰ ਸਮਾਜਿਕ ਅਤੇ ਨੈਤਿਕ ਕੀਮਤਾਂ ਜਾਂ ਪ੍ਰਣਾਲੀ ਦੇ ਸੰਦਰਭ ਵਿੱਚ ਵਰਤਿਆ ਹੈ।

**ਚੈਂਬਰ** ਦੀ ਡਿਕਸ਼ਨਰੀ ਦੇ ਅਨੁਸਾਰ ਧਰਮ-ਨਿਰਪੱਖਤਾ ਇੱਕ ਵਿਸ਼ਵਾਸ ਹੈ ਜਿਸ ਅਧੀਨ ਰਾਜ ਦੁਆਰਾ ਸਿੱਖਿਆ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ ਧਰਮ ਤੋਂ ਸੁਤੰਤਰ ਰੱਖਿਆ ਜਾਣਾ ਚਾਹੀਦਾ ਹੈ।

**ਵੈਬਸਟਰ ਡਿਕਸਟਨਰੀ** ਅਨੁਸਾਰ, ਧਰਮ - ਨਿਰਪੱਖਤਾ ਇਕ ਅਜਿਹਾ ਵਿਸ਼ਵਾਸ ਹੈ ਜਿਸ ਵਿਚ ਧਰਮ ਅਤੇ ਗਿਰਜਾਘਰ ਸਬੰਧੀ ਕਾਰਜਾਂ ਨੂੰ ਰਾਜ ਦੇ ਕਾਰਜਾਂ ਵਿਚ ਸ਼ਾਮਲ ਨਹੀ ਹੋਣਾ ਚਾਹੀਦਾ

**ਮਹਾਤਮਾ ਗਾਂਧੀ** ਅਨੁਸਾਰ ਧਰਮ ਨਿਰਪੱਖਤਾ ਇਕ ਰਵੱਈਆ ਹੈ ਜੋ ਸਾਰੇ ਧਰਮਾਂ ਨੂੰ ਸਵੀਕਾਰਦਾ ਹੈ। ਉਹਨਾਂ ਅਨੁਸਾਰ ਸਾਰੇ ਧਰਮਾਂ ਦੀ ਆਤਮਾ ਇੱਕ ਹੈ ਪਰੰਤੂ ਇਹ ਬਹੁਤ ਤਰ੍ਹਾਂ ਦੇ ਆਕਾਰਾਂ ਨਾਲ ਢੱਕਿਆ ਹੋਇਆ ਹੈ

**ਡਾ. ਰਾਧਾ ਕ੍ਰਿਸ਼ਨਨ** ਅਨੁਸਾਰ ਧਰਮ੍ਨਿਰਪੱਖਤਾ ਕੋਈ ਅਧਾਰਮਿਕ ਜਾਂ ਨਾਸਤਿਕ ਹੋਣਾ ਨਹੀ ਹੈ।ਇਹ ਤਾਂ ਆਤਮਿਕ ਕੀਮਤਾਂ ਦੀ ਸਰਵਵਿਆਪਕਤਾ ਤੇ ਜ਼ੋਰ ਦਿੰਦਾ ਹੈ ਜੋ ਅਲੱਗ ਅਲੱਗ ਤਰੀਕਿਆ ਨਾਲ ਪ੍ਰਾਪਤ ਕੀਤੀ ਜਾ ਸਕਦੀ ਹੈ ।

**ਸ੍ਰੀ ਗੁਰੂ ਨਾਨਕ ਜੀ** ਨੇ ਇਕ ਰੱਬ ਦੀ ਏਕਤਾ ਦੇ ਨਾਲ ਨਾਲ ਸਾਰੇ ਧਰਮਾਂ ਲਈ ਇਕ ਓਂਕਾਰ ਦੀ ਧਾਰਨਾ ਤੇ ਜੋਰ ਦਿੱਤਾ ਹੈ।

**ਪੱਛਮੀ ਖੇਤਰਾਂ** ਵਿਚ ਧਰਮ੍ਨਿਰਪੱਖਤਾ ਦਾ ਮਤਲਬ ਹੈ ਕਿ ਰਾਜ ਅਤੇ ਚਰਚ ਇਕੋ ਸਮਾਜ ਵਿਚ ਕਿਸੇ ਦੇ ਕੰਮ ਵਿਚ ਦਖਲ ਦਿੱਤੇ ਬਿਨਾਂ ਪ੍ਰਭਾਵਸ਼ਾਲੀ ਤਰੀਕੇ ਨਾਲ ਰਹਿਦੇ ਹਨ।

**ਭਾਰਤੀ ਵਿਚਾਰ** ਅਨੁਸਾਰ ਧਰਮ ਨਿਰਪੱਖਤਾ ਵਿਚ ਕੋਈ ਵੀ ਰਾਜ ਧਰਮ ਨਹੀਂ ਹੋਵੇਗਾ ਅਤੇ ਰਾਜ ਸਾਰੇ ਧਰਮਾਂ ਨੂੰ ਇਕੋ ਬਰਾਬਰ ਸਮਝਦਾ ਹੈ।

### 2.2.10.1 ਧਰਮ ਨਿਰਪਖਤਾ ਅਤੇ ਧਰਮ :

ਧਰਮ ਨਿਰਪੱਖਤਾ ਦਾ ਮਤਲਬ ਅਧਾਰਮਿਕਤਾ ਨਹੀਂ ਹੈ ਇਹ ਧਰਮ ਨੂੰ ਨਕਾਰਦਾ ਨਹੀ ਸਗੋਂ ਇਹ ਸਾਰੇ ਧਰਮਾ ਦੇ ਆਪਸੀ ਸਹਿਯੋਗ ਤੇ ਜ਼ੋਰ ਦਿੰਦਾ ਹੈ ਧਰਮ ਆਪਣੇ ਆਪ ਵਿਚ ਇਕ ਮਨੁੱਖੀ ਅਨੁਭਵ ਦੀ ਕਿਸਮ ਹੈ ਜੋ ਭਵਿੱਖ ਵਿਚ ਵਧੀਆ ਜ਼ਿੰਦਗੀ ਬਣਾਉਂਦਾ ਹੈ ਇਸਦਾ ਮਤਲਬ ਧਰਮ ਨਿਰਪੱਖਤਾ ਇਕ ਨੈਤਿਕ ਦ੍ਰਿਸ਼ਟੀਕੋਣ ਹੈ ਬਰੂਚਰ ਨੇ ਇਸ ਦ੍ਰਿਸ਼ਟੀਕੋਣ ਨੂੰ ਹੋਰ ਵਿਕਸਿਤ ਕੀਤਾ ਜਦੋਂ ਉਸਨੇ ਕਿਹਾ ਆਚਰਣ ਸਾਧਾਰਣ ਤੋਰ ਤੇ ਚਾਲ - ਚਲਣ ਤੇ ਆਧਾਰਿਤ ਹੈ ਜਿਸ ਵਿਚ ਵਿਅਕਤੀ ਦੁਸਰੇ ਵਿਅਕਤੀਆਂ ਨਾਲ ਸਦੀਆਂ ਤੋਂ ਸਬੰਧ ਬਣਾ ਕੇ ਰਹਿ ਰਿਹਾ ਹੈ ਜੋ ਮੁੱਨਖੀ ਖੁਸ਼ਹਾਲੀ ਅਤੇ ਕਲਿਆਣ ਦਾ ਸਭ ਤੋ ਵਧੀਆ ਸਾਧਨ ਹੈ।

### 2.2.10.2 ਧਰਮ ਨਿਰਪੱਖਤਾ ਦਾ ਅਧਾਰ :

ਧਰਮ ਨਿਰਪੱਖ ਸ਼ਬਦ ਦੀ ਵਰਤੋ ਪਹਿਲੀ ਵਾਰ ਉਨੀਵੀਂ ਸਦੀ ਵਿਚ ਜਾਰਜ ਜੈਕੂਬ ਹੈਲੀਆਕ ਦੁਆਰਾ ਕੀਤੀ ਗਈ ਧਰਮ ਨਿਰਪੱਖਤਾ ਸਮਾਜਿਕ ਅਤੇ ਨੈਤਿਕ ਪ੍ਰਣਾਲੀ ਦੇ ਰੂਪ ਵਿਚ ਹੇਠ ਲਿਖੇ ਸਿਧਾਂਤਾਂ ਤੇ ਅਧਾਰਿਤ ਹੈ।

1. ਮਨੁੱਖ ਦਾ ਭੋਤਿਕ ਤੇ ਸੱਭਿਆਚਾਰਕ ਸੁਧਾਰ ਉਪਰ ਜ਼ੋਰ ਦਾ ਮੁੱਢਲਾ ਸਿਧਾਂਤ।
2. ਕਿਸੇ ਵੀ ਸੱਚ ਦੀ ਖੋਜ ਜੋ ਮੁੱਨਖੀ ਭਲਾਈ ਦੇ ਤਜਰਬਿਆਂ ਵਿਚੋ ਪਰਖਿਆ ਜਾ ਸਕਦਾ ਹੋਵੇ ਲਈ ਸਨਮਾਨ ਦਾ ਸਿਧਾਂਤ।
3. ਇਸ ਸੰਸਾਰ ਦੇ ਸੁਧਾਰ ਲਈ ਚਿੰਤਾ ਦਾ ਸਿਧਾਂਤ।
4. ਆਤਮ-ਨਿਰਭਰ ਤਾਰਕਿਕ ਨੈਤਿਕਤਾ ਦਾ ਸਿਧਾਂਤ।

### 2.2.11 ਧਰਮ ਨਿਰਪੱਖ ਪਹਿਚਾਣ ਦੀ ਲੋੜ :

ਭਾਰਤ ਵਰਗੇ ਧਰਮ ਨਿਰਪੱਖ ਦੇਸ਼ ਵਿਚ ਭਵਿੱਖ ਦੇ ਨਾਗਰਿਕ ਬੱਚਿਆਂ ਨੂੰ ਸਰਵਪੱਖੀ ਵਿਕਾਸ ਅਤੇ ਸਮਾਜ ਵਿਚ ਧਰਮ ਪ੍ਰਤੀ ਸਮਾਨ ਦ੍ਰਿਸ੍ਟੀਕੋਣ ਦੀ ਸਿੱਖਿਆ ਦੇਣੀ ਜ਼ਰੂਰੀ ਹੈ।ਸਿੱਖਿਆ ਵਿਚੋ ਧਰਮ ਨੂੰ ਖਤਮ ਕਰਨ ਦੀ ਜਗ੍ਹਾ ਉਸ ਨੂੰ ਸਾਰਥਕ ਰੂਪ ਵਿਚ ਸਮਝਾਉਣਾ ਜ਼ਰੂਰੀ ਹੈ। ਧਰਮ ਨਿਰਪੱਖ ਸਮਾਜ ਲਈ ਹਰੇਕ ਨੂੰ ਹਰ ਇੱਕ ਧਰਮ ਪ੍ਰਤੀ ਸਤਿਕਾਰ , ਪਿਆਰ ਅਤੇ ਮਾਨ-ਸਨਮਾਨ ਸਿਖਾਉਣਾ ਬਹੁਤ ਜ਼ਰੂਰੀ ਹੈ । ਇਸ ਦੇ ਕਈ ਕਾਰਨ ਹਨ :-

1) ਇੱਕ ਧਰਮ-ਨਿਰਪੱਖ ਪਹਿਚਾਣ ਦੇ ਵਿਕਾਸ ਦੀ ਜ਼ਰੂਰੀ ਇਸ ਲਈ ਹੈ ਤਾਂ ਜੋ ਵਿਅਕਤੀ ਪੂਰੇ ਸਮਾਜ ਨੂੰ ਅਲੱਗ ਅਲੱਗ ਧਰਮਾਂ ਵਿਚ ਵੰਡਿਆ ਹੋਇਆ ਵੇਖਣ ਦੀ ਬਜਾਏ ਇੱਕ ਰੂਪ ਵਿਚ ਵੇਖੇ।

2. ਧਰਮ ਨਿਰਪੱਖ ਪਹਿਚਾਣ ਵਿਕਅਤੀ ਲਈ ਬਹੁਰੂਪੀ ਸਮਾਜ ਨੂੰ ਇੱਕ ਬਣਾਉਣ ਵਿਚ ਸਹਾਈ ਹੁੰਦੀ ਹੈ ।

3) ਇਹ ਵਿਅਕਤੀ ਨੂੰ ਆਪਣੇ ਨਿੱਜੀ ਹਿੱਤਾਂ ਤੋ ਉਪਰ ਉਠ ਕੇ ਸਮਾਜਿਕ ਕਲਿਆਣ ਪ੍ਰਤੀ ਕੇਂਦਰਿਤ ਕਰਦੀ ਹੈ।

4) ਇਹ ਵਿਅਕਤੀ ਵਿਚ ਚੰਗੇ ਗੁਣ ਭਰਾਤਰੀ ਭਾਵ, ਸਮਾਨਤਾ, ਸੱਚਾਈ, ਪਿਆਰ , ਵਿਸ਼ਵਾਸ ਆਦਿ ਪੈਦਾ ਕਰਦੀ ਹੈ।

5) ਇਹ ਵਿਅਕਤੀ ਨੂੰ ਵਹਿਮਾ ਭਰਮਾਂ, ਅੰਧ ਵਿਸ਼ਵਾਸਾਂ ਤੋਂ ਛੁਟਕਾਰਾ ਦਿਲਾ ਕੇ ਉਸ ਵਿਚ ਵਿਗਿਆਨਕ ਦ੍ਰਿਸ਼ਟੀਕੋਣ ਪੈਦਾ ਕਰਦੀ ਹੈ।

ਇਸ ਤਰ੍ਹਾਂ ਧਰਮ-ਨਿਰਪੱਖ ਸਮਾਨਤਾ ਸਮਾਜ ਦੇ ਸਕਾਰਤਮਕ ਵਿਚਾਰ ਜਿਵੇਂ ਵਿਅਕਤੀਆਂ ਵਿਚ ਬਰਾਬਰਤਾ, ਵਿਅਕਤੀ ਦਾ ਸਨਮਾਨ ਜਾਤ-ਪਾਤ ਤੋਂ ਦੂਰ , ਇਕ ਧਰਮ ਜਾਂ ਜਾਤੀ ਦੀ ਪ੍ਰੋੜਤਾ ਨਾ ਕਰਨਾ ਆਦਿ ਪੈਦਾ ਕਰਦੀ ਹੈ।

**2.2.12 ਧਰਮ ਨਿਰਪੱਖ ਪਹਿਚਾਣ ਦੀਆਂ ਵਿਸ਼ੇਸਤਾਵਾਂ :**

ਧਰਮ ਨਿਰਪੱਖ ਸਮਾਨਤਾ ਦੀ ਪਛਾਣ **ਤਿੰਨ-ਬੀ** ਤੋਂ ਕੀਤੀ ਜਾਂਦੀ ਹੈ। **ਤਿੰਨ-ਬੀ** ਭਾਵ **ਬਲੀਫ** (ਵਿਸ਼ਵਾਸ਼), **ਬੀਹੇਵੀਅਰ** (ਸੁਭਾਅ) ਅਤੇ **ਬੀਲੋਂਗਿੰਗ** (ਜਾਇਦਾਦ)। ਵਿਅਕਤੀ ਧਰਮ੍ਨਿਰਪੱਖ ਪਹਿਚਾਣ ਸਦਕਾ ਵਹਿਮਾਂ , ਭਰਮਾਂ, ਅੰਧ ਵਿਸ਼ਵਾਸ਼ਾਂ ਵਿੱਚ ਯਕੀਨ ਨਹੀਂ ਕਰਦਾ । ਉਹ ਕਿਸੇ ਖਾਸ ਧਰਮ ਦੇ ਮੈਂਬਰ ਵੱਜੋਂ ਆਪਣੀ ਪਹਿਚਾਣ ਨਹੀ ਰੱਖਦਾ। ਧਰਮ ਨਿਰਪੱਖ ਪਹਿਚਾਣ ਲਈ ਇੱਕ ਕੁਦਰਤੀ ਸੰਸਾਰਿਕ ਦ੍ਰਿਸ਼ਟੀਕੋਣ ਬਣਾਉਣਾ ਪੈਂਦਾ ਜਿਸ ਵਿਚ ਜੋ ਪ੍ਰੱਤਖ ਰੂਪ ਵਿਚ ਮੋਜੂਦ ਹਨ ਉਸ ਅਧਾਰ ਤੇ ਵਿਸ਼ਵਾਸ ਕੀਤਾ ਜਾਂਦਾ ਹੈ। ਧਰਮ੍ਨਿਰਪੱਖ ਪਹਿਚਾਣ ਦੀਆ ਵਿਸ਼ਸੇਤਾਵਾਂ ਹੇਠ ਲਿਖੇ ਅਨੁਸਾਰ ਹਨ :

**1. ਨੈਤਿਕ ਦ੍ਰਿਸ਼ਟੀਕੋਣ ਦਾ ਵਿਕਾਸ :** ਧਰਮ ਨਿਰਪੱਖ ਸਮਾਨਤਾ ਇੱਕ ਵਧੀਆ ਸੰਗਠਿਤ ਸਕੂਲੀ ਪ੍ਰਣਾਲੀ ਦੁਆਰਾ ਨੈਤਿਕ ਦ੍ਰਿਸ਼ਟੀਕੋਣ ਦੇ ਵਿਕਾਸ ਤੇ ਆਧਾਰਿਤ ਹੈ। ਇਹ ਉਹਨਾ ਦੇ ਚਰਿੱਤਰ ਦਾ ਨੀਂਹ ਪੱਥਰ ਹੈ ਕਿਉਂਕਿ ਇਹ ਵਿਅਕਤੀ ਦੇ ਨੈਤਿਕ ਚਰਿੱਤਰ ਵਿਚ ਸਬਰ , ਇਮਾਨਦਾਰੀ, ਸੱਚਾਈ, ਦਿਆਲਤਾ , ਇਨਸਾਨੀਅਤ , ਬਲੀਦਾਨ ਆਦਿ ਕੀਮਤਾਂ ਭਰਨ ਵਿਚ ਸਹਾਈ ਹੈ

**2. ਵਿਆਪਕ ਦ੍ਰਿਸ਼ਟੀਕੋਣ ਦਾ ਵਿਕਾਸ :** ਧਰਮ ਨਿਰਪੱਖ ਸਕੂਲੀ ਪ੍ਰਣਾਲੀ ਵਿਅਕਤੀ ਨੂੰ ਗਤੀਸ਼ੀਲ ਅਤੇ ਬੁੱਧੀਜੀਵੀ ਬਣਾਉਣ ਵਿਚ ਮਦਦ ਕਰਦੀ ਹੈ ਇਹ ਵਿਅਕਤੀ ਵਿਚ ਜ਼ਿੰਦਗੀ ਪ੍ਰਤੀ ਸਕਾਰਤਕਮਕ ਰਵੱਈਆ ਅਤੇ ਆਪਣੇ ਨਿੱਜੀ ਉਦੇਸ਼ਾਂ ਨੂੰ ਛੱਡ ਕੇ ਸਮਾਜਿਕ ਸੇਵਾ ਵਿਚ ਰੁੱਚੀ ਪੈਦਾ ਕਰਦੀ ਹੈ। ਇਹ ਉਸਨੂੰ ਜਿੰਦਗੀ ਦੀਆ ਸਮੱਸਿਆਵਾ ਦਾ ਨਿਡਰ ਹੋ ਕੇ ਸਾਹਮਣਾ ਕਰਨ ਅਤੇ ਉਹਨਾਂ ਨੂੰ ਸਮਝਦਾਰੀ ਨਾਲ ਹੱਲ ਕਰਨ ਵਿਚ ਮੱਦਦ ਕਰਦਾ ਹੈ।

**3. ਲੋਕਤੰਤਰੀ ਗੁਣਾਂ ਦਾ ਵਿਕਾਸ :** ਧਰਮ ਨਿਰਪੱਖ ਸਿੱਖਿਆ ਲੋਕਤੰਤਰੀ ਗੁਣ ਜਿਵੇਂ ਸੁਤੰਤਰਤਾ , ਸਮਾਨਤਾ , ਭਰਾਤਰੀ ਭਾਵ ਦਾ ਵਿਕਾਸ ਕਰਦੀ ਹੈ। ਧਰਮ ਨਿਰਪੱਖਤਾ ਵਿਅਕੀਗਤ ਸਨਮਾਨ ਤੇ ਜ਼ੋਰ ਦਿੰਦੀ ਹੈ। ਇਹ ਮਿਸ਼ਰਤ ਲੋਕਤੰਤਰੀ ਕਿਰਿਆ ਨੂੰ ਸਥਾਪਿਤ ਕਰਨ ਵਿਚ ਮਦਦ ਕਰਦੀ ਹੈ ਅਤੇ ਬੱਚੇ ਹਰੇਕ ਵਿਅਕਤੀ ਨੂੰ ਬਰਾਬਰ ਸਮਝਣਾ ਸ਼ੁਰੂ ਕਰ ਦਿੰਦੇ ਹਨ ।

**4. ਸੱਭਿਆਚਾਰ ਦਾ ਵਿਕਾਸ :** ਧਰਮ ਨਿਰਪੱਖ ਸਿੱਖਿਆ ਉੱਪਰ ਆਧਾਰਿਤ ਸਕੂਲਾਂ ਰਾਹੀ ਸੱਭਿਆਚਾਰ ਵਿਕਸਿਤ ਕੀਤਾ ਜਾ ਸਕਦਾ ਹੈ। ਇਹ ਸੱਭਿਆਚਾਰ ਨੂੰ ਸੰਭਾਲ ਕੇ ਰੱਖਣ ਅਤੇ ਮਜਬੂਤ ਬਣਾਉਣ ਵਿਚ ਆਪਣਾ ਪ੍ਰਭਾਵ ਪਾਉਂਦਾ ਹੈ। ਧਰਮ-ਨਿਰਪੱਖਤਾ ਸੱਭਿਆਚਾਰ ਦਾ ਇਕ ਗਤੀਸ਼ੀਲ ਪੱਖ ਹੈ ਅਤੇ ਇਸ ਦਾ ਸਥਾਨ ਪਾਠਕ੍ਰਮ ਵਿਚ ਹੋਣਾ ਚਾਹੀਦਾ ਹੈ ।

**5. ਵਿਗਿਆਨਿਕ ਦ੍ਰਿਸ਼ਟੀਕੋਣ ਦਾ ਵਿਕਾਸ :** ਸਿੱਖਿਆ ਵਿਚ ਧਰਮ ਨਿਰਪੱਖ ਸਮਾਨਤਾ ਵਿਅਕਤੀ ਵਿਚ ਵਿਗਿਆਨਿਕ ਦ੍ਰਿਸ਼ਟੀਕੋਣ ਪੈਦਾ ਕਰਦੀ ਹੈ।ਇਹ ਅੰਧਵਿਸ਼ਵਾਸ ਅਤੇ ਵਹਿਮ ਭਰਮ ਤੋ ਵਿਅਕਤੀ ਨੂੰ ਛੁਟਕਾਰਾ ਦਿਵਾਉਂਦੀ ਹੈ। ਵਿਗਿਆਨਿਕ ਦ੍ਰਿਸ਼ਟੀਕੋਣ ਦਾ ਭਾਵ ਵਸਤੂਆਂ ਨੂੰ ਉਦੇਸ਼ਪੂਰਨ ਅਤੇ ਵਿਵਕੇਪੂਰਨ ਢੰਗ ਨਾਲ ਦੇਖਣਾ ਅਤੇ ਇਤਿਹਾਸ ਅਤੇ ਪ੍ਰਾਪਤੀਆਂ ਪ੍ਰਤੀ ਨਿਮਰ ਰਵੱਈਆ ਆਦਿ ਹੈ। ਇਹ ਮੁੱਖੀ ਕਦਰਾਂ ਕੀਮਤਾਂ ਤੋ ਇਲਾਵਾ ਵਿਅਕਤੀਆਂ ਵਿਚ ਖੁੱਲ੍ਹੀ ਸਾਰਥਕ ਸੋਚ ਪੈਦਾ ਕਰਦਾ ਹੈ ।

**6. ਇਨਸਾਨੀਅਤ ਦਾ ਵਿਕਾਸ :** ਧਰਮ ਨਿਰਪੱਖਤਾ ਆਧਾਰਿਤ ਸਿੱਖਿਆ ਇਨਸਾਨੀਅਤ ਦਾ ਆਧਾਰ ਹੈ। ਇਹ ਸ਼ਾਂਤੀ,ਸਦਭਵਾਨਾ ਅਤੇ ਸਮਝ ਦੀ ਵਕਾਲਤ ਕਰਦੀ ਹੈ। ਇਹ ਸੰਸਾਰ ਵਿਚ ਏਕਤਾ ਅਤੇ ਵਿਅਕਤੀਆਂ ਵਿਚ ਭਰਾਤਰੀਵਾਦ ਦੀ ਭਾਵਨਾ ਨੂੰ ਮਜਬੂਤ ਬਣਾਉਂਦੀ ਹੈ ।

**7. ਜੀਓ ਅਤੇ ਜਿਉਣ ਦਿਓ:** ਧਰਮ-ਨਿਰਪੱਖ ਪਹਿਚਾਣ ਦੀ ਕਮੀ ਨਾਲ ਮਤਲਬੀਪਣ , ਗੁੱਸਾ ਅਤੇ ਨਫਰਤ ਪੈਦਾ ਹੁੰਦੀ ਹੈ । ਇਹ ਵਿਅਕਤੀ ਵਿੱਚ ਜੀਓ ਅਤੇ ਜਿਉਣ ਦਿਉੱ ਦੀ ਧਾਰਨਾ ਦਾ ਵਿਕਾਸ ਕਰਦੀ ਹੈ । ਜਿਸ ਨਾਲ ਉਸ ਵਿਚ ਖੁਸ਼ੀ, ਵਿਸ਼ਵਾਸ, ਸੱਚਾਈ, ਸੁੰਦਰਤਾ, ਚੰਗਿਆਈ ਆਦਿ ਧਾਰਨਾਵਾਂ ਦਾ ਵਿਕਾਸ ਹੁੰਦਾ ਹੈ ।

**2.2.13 ਧਰਮ-ਨਿਰਪੱਖ ਪਹਿਚਾਣ ਦੇ ਵਿਕਾਸ ਵਿਚ ਸਿੱਖਿਆ ਦੀ ਭੂਮਿਕਾ :**

ਇਕ ਸੱਚਾ ਅਤੇ ਸਹੀ ਧਰਮ ਨਿਰਪੱਖ ਦੇਸ਼ ਬਣਨ ਵਿਚ ਸਿੱਖਿਆ ਦੀ ਅਹਿਮ ਭੂਮਿਕਾ ਹੈ। **ਡੀ.ਈ. ਸਮਿਥ** ਅਨੁਸਾਰ ਭਾਰਤ ਵਿਚ ਭਵਿੱਖ ਲਈ ਧਰਮ ਨਿਰਪੱਖਤਾ ਦੀ ਸਭ ਤੋ ਵੱਧ ਉਮੀਦ ਸਕੂਲਾਂ ਦੀਆ ਕਲਾਸਾਂ ਵਿੱਚ ਹੈ। ਸਕੂਲਾਂ ਵਿਚ ਹੇਠ ਲਿਖੀਆਂ ਪਾਠ ਕਿਰਿਆਵਾਂ ਜਾਂ ਸਹਿ-ਪਾਠ ਕਿਰਿਆਵਾਂ ਦੀ ਮਦਦ ਨਾਲ ਧਰਮ ਨਿਰਪੱਖ ਸਮਾਨਤਾ ਨੂੰ ਪੈਦਾ ਕਰਨ ਵਿਚ ਸਹਾਇਤਾ ਮਿਲ ਸਕਦੀ ਹੈ।

1. ਸਵੇਰ ਦੀ ਸਭਾ ਬੱਚਿਆਂ ਦੀ ਧਰਮ੍ਨਿਰਪੱਖ ਪਹਿਚਾਣ ਤੇ ਵਿਕਾਸ ਲਈ ਸਭ ਤੋਂ ਵਧੀਆ ਕਿਰਿਆ ਹੈ। ਇਸ ਸਮੇਂ ਸਾਰੇ ਵਿਦਿਆਰਥੀਆਂ ਨੂੰ ਅਧਿਆਪਕਾਂ ਦੁਆਰਾ ਧਰਮ ਨਿਰਪੱਖਤਾ ਸਬੰਧੀ ਭਾਸ਼ਣ ਅਤੇ ਵਿਚਾਰ ਦਿੱਤੇ ਜਾ ਸਕਦੇ ਹਨ। ਅਲੱਗ ਅਲੱਗ ਪ੍ਰਾਰਥਨਾਵਾਂ ਨਾਲ ਬੱਚਿਆਂ ਦੇ ਮਨ ਵਿਚ ਹਰੇਕ ਧਰਮ ਪ੍ਰਤੀ ਸਨਮਾਨ ਹੋਵੇਗਾ।

2. ਪ੍ਰਇਮਰੀ ਪੱਧਰ ਤੇ ਬੱਚਿਆਂ ਨੂੰ ਗੁਰੂਆਂ , ਸੰਤਾਂ ਫਕੀਰਾਂ ਅਤੇ ਧਾਰਮਿਕ ਗੁਰੂਆਂ ਦੀਆਂ ਕਹਾਣੀਆਂ ਅਤੇ ਰਚਨਾਵਾਂ ਸੁਣਾਈਆਂ ਜਾਣ। ਹਾਈ ਪੱਧਰ ਤੇ ਸਮਾਜਿਕ ਸਿੱਖਿਆ ਦੇ ਸਿਲੇਬਸ ਵਿਚ ਦੁਨੀਆ ਦੇ ਅਲੱਗ ਅਲੱਗ ਧਰਮ ਦੀ ਜਾਣਕਾਰੀ ਆਦਿ ਸ਼ਾਮਲ ਹੋਵੇ

3. ਸਕੂਲ ਦੇ ਟਾਇਮ ਟੇਬਲ ਵਿਚ ਹਫਤੇ ਵਿਚ ਪ੍ਰਾਇਮਰੀ ਪੱਧਰ ਤੇ ਦੋ ਪੀਰੀਅਡ ਅਤੇ ਸੈਕੰਡਰੀ ਪੱਧਰ ਤੇਟ ਇੱਕ ਪੀਰੀਅਡ ਨੈਤਿਕ ਸਿੱਖਿਆ ਦਾ ਹੋਣਾ ਚਾਹੀਦਾ ਹੈ।

4. ਕਲਾਸ ਰੂਮ ਦੇ ਬਾਹਰ ਅਤੇ ਛੁੱਟੀਆਂ ਦੇ ਦੋਰਾਨ ਬੱਚਿਆਂ ਨੂੰ ਸਮਾਜ ਸੇਵਾ ਸਬੰਧੀ ਸਕੂਲ ਪ੍ਰੋਗਰਾਮ ਲਾਜਮੀ ਹੋਣੇ ਚਾਹੀਦੇ ਹਨ ਤਾਂ ਜੋ ਉਹਨਾਂ ਵਿੱਚੋ ਦੇਸ਼ ਭਗਤੀ , ਇਨਸਾਨੀਅਤ ਲਈ ਪਿਆਰ , ਸਵੈ ਅਨੁਸ਼ਾਸ਼ਨ ਆਦਿ ਸੰਵੇਗ ਪੈਦਾ ਹੋਣ।

5. ਕਿਸੇ ਇੱਕ ਧਰਮ ਦੀਆਂ ਸਿੱਖਿਆਵਾਂ ਨਾਲੋ, ਸਾਰੇ ਧਰਮਾਂ ਦੀਆ ਚੰਗੀਆ ਸਿੱਖਿਆਂਵਾਂ ਪੜਾਉਣੀਆ ਚਾਹੀਦੀਆਂ ਹਨ। ਉਹਨਾਂ ਗੁਰੂਆਂ, ਸੰਤਾਂ-ਫਕੀਰਾਂ ਦੀਆਂ ਜੀਵਨੀਆਂ ਬਾਰੇ ਦੱਸਿਆ ਜਾਵੇ ਜਿੰਨ੍ਹਾਂ ਨੇ ਰਾਸ਼ਟਰ ਅਤੇ ਸਮਾਜ ਲਈ ਯੋਗਦਾਨ ਦਿੱਤਾ। ਕਿਤਾਬਾਂ ਵਿੱਚ ਪਾਠ ਨਾ ਸਿਰਫ ਧਰਮ ਦੀ ਕੱਟੜਤਾ ਤੋ ਪਰੇ ਹੋਣੇ ਚਾਹੀਦੇ ਹਨ ਸਗੋ ਅਲੱਗ ਅਲੱਗ ਧਰਮਾਂ ਦੇ ਆਪਸੀ ਸਤਿਕਾਰ ਅਤੇ ਸਨਮਾਨ ਦੇ ਵਿਕਾਸ ਤੇ ਜੋਰ ਦੇਣਾ ਚਾਹੀਦਾ ਹੈ।

6) ਅਧਿਆਪਕ ਵਿਦਿਆਰਥੀ ਨੂੰ ਨਿਰਪੱਖ ਢੰਗ ਨਾਲ ਪੜਾਏ। ਵਿਦਿਆਰਥੀਆਂ ਨੂੰ ਪੜ੍ਹਾਉਂਣ ਸਮੇਂ ਉਸਦੇ ਮਨ ਵਿਚ ਜਾਤ ਪਾਤ, ਧਰਮ, ਨਸਲ ਆਦਿ ਪੱਖਪਾਤੀ ਵਿਚਾਰ ਨਹੀਂ ਆਉਣੇ ਚਾਹੀਦੇ ਉਸ ਨੂੰ ਪੂਰੀ ਤਰ੍ਹਾ ਲੋਕਤੰਤਰੀ ਅਤੇ ਧਰਮ ਨਿਰਪੱਖ ਹੋਣਾ ਚਾਹੀਦਾ ਹੈ।

ਇਸ ਤਰਾਂ ਸਕੂਲ ਧਰਮ ਨਿਰਪੱਖ ਪਹਿਚਾਣ ਦੇ ਵਿਕਾਸ ਵਿਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਸਾਡੀ ਸਿੱਖਿਆ ਪ੍ਰਣਾਲੀ ਧਰਮ ਨਿਰਪੱਖ ਰਵੱਈਆ ਅਤੇ ਕਦਰਾਂ ਕੀਮਤਾਂ ਦਾ ਵਿਕਾਸ ਕਰਦੀ ਹੈ ਤਾਂ ਜੋ ਸਾਡੇ ਦੇਸ਼ ਨੂੰ ਨਿਰਪੱਖ, ਲੋਕਤੰਤਰੀ, ਗਤੀਸ਼ੀਲ ਅਤੇ ਆਧੁਨਿਕ ਕਲਿਆਣਕਾਰੀ ਰਾਜ ਬਣਾ ਸਕੇ।

**2.2.14 ਮਾਨਵੀ ਪਹਿਚਾਣ ਦਾ ਵਿਕਾਸ :**

ਆਰਥਿਕ ਸੰਕਟ ਅਤੇ ਵਿਚਾਰਧਾਰਾ ਦੇ ਸੰਕਟ ਤੋਂ ਇਲਾਵਾ ਹਰੇਕ ਦੇਸ਼ ਕੁਝ ਮਾਤਰਾ ਵਿਚ ਨੈਤਿਕ ਸੰਕਟ ਦਾ ਵੀ ਸਾਹਮਣਾ ਕਰ ਰਿਹਾ ਹੈ। ਵਿਕਾਸ ਅਤੇ ਉਨਤੀ ਦੇ ਨਾਂ ਹੇਠ ਲੋਕਾਂ ਨੇ ਤਕਨਾਲੋਜੀ ਅਤੇ ਮਸ਼ੀਨੀ ਯੁੱਗ ਉਸਾਰ ਰੱਖਿਆ ਹੈ ਪਰ ਉਹਨਾਂ ਸਾਮਣੇ ਇਕ ਵੱਡੀ ਸਥਿਤੀ ਇਹ ਵੀ ਹੈ। ਕਿ ਤਕਨਾਲੋਜੀ ਦੀ ਉਨੱਤੀ ਦੇ ਲਾਭ ਹਾਨੀਆਂ ਕਾਰਨ ਕੁੱਝ ਉਨ੍ਹਾਂ ਦੇ ਮਾਨਵੀ ਗੁਣਾਂ ਵਿਚ ਵੀ ਫਰਕ ਪੈਂਦਾ ਹੈ। ਜੰਗੀ ਹਥਿਆਰਾਂ ਦੀ ਦੋੜ, ਨਿਉਕਲਈ ਹਥਿਆਰਾਂ ਦੀਆਂ ਕਾਢਾਂ ਅਤੇ ਸ਼ਕਤੀ ਦੀ ਭੁੱਖ ਨੇ ਇਨਸਾਨਾਂ ਨੂੰ ਨਫਰਤ ਵੱਲ ਜਾ ਧੱਕਿਆ ਹੈ। ਅਸਲ ਵਿੱਚ ਮਾਨਵਵਾਦੀ ਵਤੀਰਾ ਕਦੀ ਵੀ ਮਨੁੱਖ ਨੂੰ ਮਸ਼ੀਨੀ ਨਹੀ ਬਣਾਉਂਦਾ, ਉਹ ਤਾ ਸਗੋਂ ਉਸ ਨੂੰ ਸਵੈ-ਮੁਕਤੀ ਅਤੇ ਰੂਹਾਨੀਅਤ ਦੇ ਕੁੱਝ ਅੰਸ਼ ਦਿਖਾਉਂਦਾ ਹੈ। ਯੁੱਗਾਂ ਦੇ ਅਨੁਭਵ ਨੇ ਮਨੁੱਖ ਨੂੰ ਆਤਮ-ਬੋਧੀ ਬਣਾਇਆ ਹੈ। ਮਨੁੱਖ ਨੇ ਲੜਾਈਆ ਅਤੇ ਯੁੱਧਾਂ ਦੇ ਤਬਾਹੀ ਭਰੇ ਅਸਰ ਵੇਖ ਲਏ ਹਨ ਅਤੇ ਕ੍ਰੋਧ, ਨਫਰਤ,

ਖੁਦਗਰਜੀ, ਜੋਸ਼ ਆਦਿ ਦੇ ਮਾਰੂ ਨਤੀਜੇ ਭੁਗਤ ਲਏ ਹਨ। ਇਸ ਲਈ ਸਿੱਖਿਆ ਦੁਆਰਾ ਇਕ ਸਭਿਆ ਵਿਅਕਤੀ ਬਣਨ ਦੀ ਲੋੜ ਮਹਿਸੂਸ ਕੀਤੀ ਜਾਂਦੀ ਹੈ। ਮਨ ਨੂੰ ਮਸ਼ੀਨੀ ਪੁਰਜ਼ਾ ਬਣਨ ਵਿਰੁੱਧ **ਮਿਲਟਨ** ਨੇ ਇੰਝ ਕਿਹਾ ਸੀ, ਮੈਂ ਇਕ ਆਪਣੀ ਪ੍ਰਣਾਲੀ ਦੀ ਰਚਨਾ ਕਰਾ ਜਾਂ ਦੂਜੇ ਦੁਆਰਾ ਤਿਆਰ ਕੀਤੀ ਉੱਤੇ ਨਿਰਭਰ ਹੋਵਾਂ। **ਵਰਡਜ਼ਵਰਥ** ਵੀ ਮਨੁੱਖ ਨੂੰ ਸੰਵੇਦਨਸ਼ੀਲ ਅਤੇ ਇਕ ਰਚਨਾਤਮਕ ਪ੍ਰਾਣੀ ਸਮਝਦਾ ਹੈ। ਮਨੁੱਖ ਨੇ ਜੇ ਜਿਊਣਾ ਹੈ ਤਾਂ ਉਸਨੂੰ ਬਦਲਾਓ ਦੀ ਲੋੜ ਹੈ ਤੇ ਫਿਰ ਬਦਲਾਅ ਹੀ ਸਿਆਣਪ ਹੈ, ਅਤੇ ਸਿਆਣਪ ਨਾਲ ਪਲ-ਪਲ ਰਚਨਾ ਕਰੀ ਜਾਣਾ ਚਾਹੀਦਾ ਹੈ। ਮਾਨਵੀ ਪਹਿਚਾਣ ਦਾ ਮੰਤਵ ਹਮੇਸ਼ਾ ਰਚਨਾ ਹੀ ਹੁੰਦਾ ਹੈ। ਮਨੁੱਖ ਇਕ ਚਿੰਤਨਸ਼ੀਲ ਪ੍ਰਾਣੀ ਹੈ ਅਤੇ ਇਹ ਚਿੰਤਨ ਸ਼ਕਤੀ ਕਦੇ ਬਰਦਾਸ਼ਤ ਨਹੀ ਕਰਦੀ ਕਿ ਉਹ ਨਿਗੂਣੀ ਹੋ ਜਾਵੇ। ਇਸ ਗੱਲ ਦਾ ਅਹਿਸਾਸ ਹੋਣਾ ਹੀ ਮਾਨਵਵਾਦੀ ਹੋਣ ਦੀ ਨਿਸ਼ਾਨੀ ਹੈ।

### 2.2.15 ਮਾਨਵਵਾਦ ਦਾ ਸੰਕਲਪ :

ਮਾਨਵਾਦ ਆਪਣੇ ਆਪ ਵਿੱਚ ਇਕ ਪ੍ਰਕਾਰ ਦੀ ਲਹਿਰ ਹੈ ਜੋ ਮਨੁੱਖਵਾਦ ਨੂੰ ਪ੍ਰੋਤਸਾਹਨ ਕਰਦੀ ਹੈ। ਇਹ ਇਕ ਅਜਿਹਾ ਸੁਭਾਅ ਹੈ ਜੋ ਮਨੁੱਖ ਅਤੇ ਮਨੁੱਖੀ ਕੀਮਤਾਂ ਨੂੰ ਮਹੱਤਤਾ ਦਿੰਦਾ ਹੈ। ਪਿਛਲੇ ਕੁੱਝ ਸਾਲਾਂ ਵਿਚ ਹੀ ਮਾਨਵਵਾਦ ਦਾ ਸ਼ਬਦ ਵਰਤਿਆ ਗਿਆ ਹੈ, ਜਿਸ ਦਾ ਮਤਲਬ ਇਕ ਅਜਿਹੀ ਕਦਰ-ਪ੍ਰਣਾਲੀ ਤੋਂ ਹੈ ਜਿਸ ਵਿਚ ਹਰ ਵਿਅਕਤੀ ਦੀ ਆਪਣੀ ਨਿਜੀ ਕਦਰ ਹੈ।

**ਲੇਮਾਨ** ਮਾਨਵਵਾਦ ਨੂੰ ਤਰਕ ਅਤੇ ਲੋਕਤੰਤਰ ਦੀਆਂ ਵਿਧੀਆਂ ਅਨੁਸਾਰ ਸਰਬੱਤ ਦੇ ਭਲੇ ਲਈ ਕੀਤੀ ਖੁਸ਼ੀ ਭਰਪੂਰ ਸੇਵਾ ਦਾ ਇਕ ਫਲਸਫਾ ਦੱਸਦਾ ਹੈ।

**ਅੰਗਰੇਜ਼ੀ ਜਾਣਕਾਰ** ਲਈ ਮਾਨਵਵਾਦ ਉਹ ਪ੍ਰਣਾਲੀ ਜੋ ਕਦਰਾਂ ਕੀਮਤਾਂ ਤੇ ਅਵਸਥਾਵਾ ਤੇ ਨਿਰਭਰ ਹੈ। ਇਸ ਅਨੁਸਾਰ ਮਨੁੱਖੀ ਬਿਰਤੀ ਨੇਕ ਹੈ ਅਤੇ ਸਾਰੀਆਂ ਸਮੱਸਿਆਵਾਂ, ਧਰਮ ਦੀ ਬਜਾਏ ਦਲੀਲ ਦੁਆਰਾ ਹੱਲ ਕੀਤੀਆਂ ਜਾ ਸਕਦੀਆਂ ਹਨ।

**ਵਿੱਕੀਪੀਡੀਆ ਅਨੁਸਾਰ** ਮਾਨਵਵਾਦ ਇੱਕ ਲੋਕਤੰਤਰੀ ਤੇ ਨੈਤਿਕੀ ਜਾਂਚ ਹੈ ਜਿਸਨੇ ਮਨੁੱਖਾਂ ਨੂੰ ਆਪਣੇ ਜੀਵਨ ਵਿਚ ਹੱਕਾ ਤੇ ਅਧਿਕਾਰਾਂ ਨੂੰ ਆਪਣੀ ਸੂਝ-ਬੂਝ ਅਨੁਸਾਰ ਨਿਸ਼ਚਿਤ ਕਰਨ ਦੀ ਆਗਿਆ ਬਖਸ਼ੀ ਹੈ।

**ਜੀਵਨ ਵਿਗਿਆਨੀ ਜੂਲੀਅਨ ਹੱਕਸਲੀ** ਨੇ ਮਾਨਵਵਾਦ ਨੂੰ ਮਨੁੱਖੀ ਸੰਭਾਵਨਾਵਾਂ ਦੀ ਸਫਲਤਾ ਮੰਨਿਆ ਹੈ। ਉਸ ਨੇ ਇਸ ਤੁੱਕ ਨੂੰ ਇਸ ਲਈ ਘੜ੍ਹਿਆਂ ਕਿ ਅਜੋਕਾ ਵਿਗਿਆਨ ਇਸ ਪਾਸੇ ਵੱਲ ਵਿਕਸਿਤ ਹੋਵੇ।

**ਰਾਮ ਕ੍ਰਿਸ਼ਨਨ ਪਰਮਹੰਸ ਜੀ** ਅਨੁਸਾਰ ਮਾਨਵਵਾਦ ਕੇਵਲ ਮਾਨਵਤਾ ਨੂੰ ਪਿਆਰ ਕਰਨ ਦੀ ਵਕਾਲਤ ਹੀ ਨਹੀ ਸਗੋ ਉਹ ਮਨੁੱਖ ਦੀ ਸੇਵਾ ਦੀ ਵਕਾਲਤ ਕਰਦੇ ਹਨ ਕਿਉਂ ਕਿ ਉਹ ਮੰਨਦੇ ਹਨ ਕਿ ਈਸ਼ਵਰ ਮਨੁੱਖ ਵਿਚ ਵੱਸਦਾ ਹੈ। ਉਹ ਸਾਰੇ ਸੰਸਾਰ ਨੂੰ ਹੀ ਪਰਿਵਾਰ ਸਮਝਦੇ ਹਨ ਅਤੇ ਇਸ ਗੱਲ ਤੇ ਜੋਰ ਦਿੰਦੇ ਹਨ ਕਿ ਮਨੁੱਖ ਦੀ ਮਨੁੱਖ ਨਾਲ ਹਮਦਰਦੀ ਹੋਣਾ ਓਵੇ ਹੈ ਜਿਵੇ ਮਨੁੱਖੀ ਦਿਲ ਵਿਚ ਹੀ ਰੱਬ ਵੱਸਦਾ ਹੋਵੇ।

**ਵਿਵੇਕਾਨੰਦ** ਅਨੁਸਾਰ ਮਾਨਵਵਾਦ ਵਿਅਕਤੀ ਦੇ ਕੁਦਰਤੀ, ਬੋਧਿਕ ਅਤੇ ਅਧਿਆਤਮਿਕ ਪੱਖਾਂ ਦਾ ਸੁਤੰਲਿਤ ਵਿਕਾਸ ਕਰਦਾ ਹੈ ਜਿਹੜਾ ਕਿ ਉਸ ਵਿਅਕਤੀ ਦੀ ਉਨਤੀ ਕਰਦਾ ਹੈ ਅਤੇ ਉਸ ਵਿੱਚ ਪਿਆਰ ਅਤੇ ਸਹਿਣਸ਼ੀਲਤਾ ਭਰ ਦਿੰਦਾ ਹੈ।

**ਭਾਰਤੀ ਗ੍ਰੰਥ** ਸੰਸਾਰ ਇਕ ਘਰ ਹੈ ਜਾਂ ਸੰਸਾਰ ਇਕ ਪਰਿਵਾਰ ਹੈ ਧਾਰਨਾ ਦੀ ਵਕਾਲਤ ਕਰਦੇ ਹਨ।

**ਅਮਰੀਕਾ ਮਾਨਵਵਾਦ ਸੰਗਠਨ** ਅਨੁਸਾਰ ਮਾਨਵਵਾਦ, ਮਾਨਵਤਾ ਅਤੇ ਵਿਗਿਆਨ ਅੰਦਰ ਇਕ ਅਜਿਹਾ ਵਿਸ਼ਵਾਸ ਹੈ ਜਿਹੜਾ ਸੱਚਾਈ ਪ੍ਰਾਪਤ ਕਰਨ ਦਾ ਸਾਧਨ ਹੈ। ਇਹ ਦਰਸ਼ਨ ਸ਼ਾਸ਼ਤਰ , ਵਿਗਿਆਨ , ਕਲਾ ਅਤੇ ਸਾਹਿਤ ਦੇ ਮਾਧਿਅਮ ਦੁਆਰਾ ਜਿੰਦਗੀ ਦੇ ਨੈਤਿਕ ਅਤੇ ਅਧਿਆਤਮਿਕ ਮੁੱਲਾਂ ਦਾ ਵਿਕਾਸ ਕਰਦਾ ਹੈ।

**ਕੇ.ਜੀ ਸੈਦੀਆ** ਦੇ ਅਨੁਸਾਰ ਮਾਨਵਵਾਦ ਵਿਅਕਤੀ ਵਿੱਚ, ਉਸਦੀਆਂ ਨਾਂ ਮੁੱਕਣ ਵਾਲੀਆਂ ਯੋਗਤਾਵਾਂ, ਅਤੇ ਉਸਦੇ ਅਧਿਕਾਰਾਂ ਵਿਚ ਇਕ ਵਿਸ਼ਵਾਸ ਹੈ। ਇਹ ਦੂਸਰੇ ਵਿਅਕਤੀਆ ਦੇ ਖਾਤਮੇ ਦਾ ਸਾਧਨ ਨਹੀ ਹੈ ਸਗੋਂ ਇਹ ਹਮੇਸ਼ਾ ਦੂਸਰਿਆਂ ਦੇ ਭਲੇ ਲਈ ਹੀ ਸੋਚਦਾ ਹੈ।

**ਮਾਨਵਵਾਦੀ** ਇਹ ਵਿਚਾਰ ਰੱਖਦੇ ਹਨ ਕਿ ਵਿਅਕਤੀ ਨੂੰ ਜੀਵਨ ਜੀਉਣ ਲਈ ਸਿਰਫ ਇਕ ਹੀ ਜਿੰਦਗੀ ਮਿਲਦੀ ਹੈ ਅਤੇ ਉਸ ਨੂੰ ਇਸਦੇ ਲਈ ਵਧੀਆ ਕੋਸ਼ਿਸਾਂ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਉਹ ਇਸਨੂੰ ਖੁਸ਼ੀ-ਖੁਸ਼ੀ ਜੀਵੇਂ। ਜ਼ਿੰਦਗੀ ਵਿਚ ਚੰਗੇ ਕੰਮ ਕਰਕੇ ਇੱਕ ਮਾਨਵਾਦੀ ਸੋਚ ਵਾਲਾ ਵਿਅਕਤੀ ਸੁਤੰਤਰਤਾ ਨਾਲ ਆਪਣੇ ਦਿਮਾਗ ਤੇ ਜ਼ੋਰ ਦਿੰਦਾ ਹੈ ਅਤੇ ਦੂਸਰਿਆਂ ਦੀ ਸੇਵਾ ਕਰਕੇ ਧਰਤੀ ਤੇ ਸ਼ਾਂਤੀ ਅਤੇ ਸੁੰਦਰਤਾ ਬਣਾਉਣ ਦੀ ਕੋਸ਼ਿਸ਼ ਕਰਦਾ ਹੈ।

**ਦਰਸ਼ਨ** ਅਨੁਸਾਰ ਮਾਨਵਵਾਦ ਇੱਕ ਅਜਿਹਾ ਵਿਚਾਰ ਹੈ ਜਿਸ ਦੇ ਕੇਂਦਰ ਵਿਚ ਮਨੁੱਖ ਹੈ। ਮਾਨਵਵਾਦੀ ਸੋਚ ਦੀ ਹੋਂਦ ਇਸ ਵਿਚਾਰ ਦੇ ਦੁਆਲੇ ਘੁੰਮਦੀ ਹੈ ਕਿ ਆਦਮੀ ਕੇਂਦਰ ਵਿੱਚ ਹੈ ਅਤੇ ਸਾਰੀਆ ਸਮੱਸਿਆਵਾਂ ਦਾ ਹੱਲ ਲੱਭ ਸਕਦਾ ਹੈ। ਮਾਨਵਵਾਦੀ ਪਹਿਚਾਣ ਕਾਰਣ ਮਨੁੱਖ ਇਹ ਵਿਸ਼ਵਾਸ ਕਰਦਾ ਹੈ ਕਿ ਉਹ ਆਪਣੀਆ ਸਾਰੀਆਂ ਸਮੱਸਿਆਵਾਂ ਨੂੰ ਤਰਕ ਹੌਂਸਲਾ ਤੇ ਦੂਰ ਦ੍ਰਿਸ਼ਟੀ ਦੁਆਰਾ ਹੱਲ ਕਰਨ ਦੇ ਯੋਗ ਹੁੰਦਾ ਹੈ।

### 2.2.16 ਮਾਨਵੀ ਪਹਿਚਾਣ ਦੇ ਵਿਕਾਸ ਦੀ ਲੋੜ :

ਮਾਨਵਤਾਵਾਦੀ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਸੁੰਤਤਰਤਾ ਚੰਗਿਆਈ ਅਤੇ ਸੱਚਾਈ ਲਈ ਇਕ ਹਥਿਆਰ ਹੈ। ਮਨੁੱਖ ਦਾ ਵਿਕਾਸ ਇਸ ਢੰਗ ਨਾਲ ਹੋਣਾ ਚਾਹੀਦਾ ਹੈ ਕਿ ਉਹ ਇਕ ਅਜਿਹੇ ਸਮਾਜ ਦੀ ਸਿਰਜਣਾ ਕਰਨ ਜਿੱਥੇ ਉਹ ਇੱਛਾ ਪੂਰਵਕ ਢੰਗ ਨਾਲ ਅਤੇ ਸੂਝ ਬੂਝ ਨਾਲ ਸਭ ਦੀ ਭਲਾਈ ਲਈ ਇਕ ਦੂਜੇ ਨਾਲ ਸਹਿਯੋਗ ਕਰਨ। ਮਨੁੱਖ ਦੇ ਜੀਵਨ ਦਾ ਸਭ ਤੋ ਉੱਚਾ ਉਦੇਸ਼ ਦੁਨਿਆਵੀ ਖੁਸ਼ੀ , ਸੁਤੰਤਰਤਾ ਅਤੇ ਮਨੁੱਖਤਾ ਦੀ ਤਰੱਕੀ ਆਦਰਸ਼ ਹੋਣਾ ਚਾਹੀਦਾ ਹੈ। ਮਾਨਵਵਾਦੀ ਪਹਿਚਾਣ ਦਾ ਮਤਲਬ ਸਵੈ ਦਿਲਚਸਪੀ ਜਾਂ ਹੰਕਾਰ ਨਹੀ ਸਗੋਂ ਇਸ ਦਾ ਮਤਲਬ ਮਨੁੱਖ, ਮਨੁੱਖਤਾ ਦੀ ਭਲਾਈ ਸਰਬੱਤ ਦੀ ਖੁਸ਼ੀ ਅਤੇ ਤਰੱਕੀ ਵਿਚ ਵੱਧ ਤੋ ਵੱਧ ਯੋਗਦਾਨ ਪਾਉਣਾ ਹੈ। ਇਹ ਅਜਿਹੀ ਸਹਿਨਸ਼ੀਲਤਾ ਦੀ ਭਾਵਨਾ ਵਿਕਸਿਤ ਕਰਦੀ ਹੈ ਜਿਹੜੀ ਕਿ ਭਿੰਨ - ਭਿੰਨ ਸੱਭਿਅਤਾਵਾਂ ਦੁਆਰਾ ਪ੍ਰਾਪਤ ਕੀਤੇ ਮੁੱਲਾਂ ਨੂੰ ਇਕ ਸਾਂਝੇ ਵਿਰਸੇ ਵਿਚ ਬੰਨ ਦਿੰਦੀ ਹੈ। ਜੀਵਨ ਵਿਚ ਮਿਲਣ ਵਾਲੀਆਂ ਚਣੋਤੀਆਂ ਦਾ ਉਸਾਰੂ ਸ਼ਕਤੀ ਨਾਲ ਸਾਹਮਣਾ ਕਰਨ ਵਾਲੀ ਸ਼ਕਤੀ ਦਾ ਵਿਕਾਸ ਕਰਨ ਲਈ ਮਾਨਵਵਾਦੀ ਪਛਾਣ ਦੀ ਬਹੁਤ ਜਰੂਰਤ ਹੈ। ਮਨੋਵਿਗਿਆਨੀ ਇਸ ਮਾਨਤਾ ਦੇ ਆਧਾਰ ਤੇ ਮਾਨਵਵਾਦੀ ਪਛਾਣ ਦੀ ਜ਼ਰੂਰਤ ਤੇ ਜ਼ੋਰ ਦਿੰਦੇ ਹਨ ਕਿ ਹਰ ਵਿਅਕਤੀ ਦਾ ਦੁਨੀਆਂ ਨੂੰ ਸਮਝਣ ਅਤੇ ਅਨੁਭਵ ਕਰਨ ਦਾ ਆਪਣਾ ਦ੍ਰਿਸ਼ਟੀਕੋਣ ਹੈ, ਉਸ ਦ੍ਰਿਸ਼ਟੀਕੋਣ ਨਾਲ ਉਹ ਹਰ ਚੀਜ਼ ਨੂੰ ਵੇਖਦਾ ਹੈ। ਉਹ ਮਨੁੱਖ ਦੀ ਵਿਅਕਤੀਗਤ ਵਸਤੂ ਨਿਸ਼ਠਤਾ ਦੀ ਸੂਝ ਨੂੰ ਪਹਿਲ ਦਿੰਦੇ ਹਨ ਅਤੇ ਇਸ ਵਿਚਾਰ ਦਾ ਸਮਰਥਣ ਕਰਦੇ ਹਨ ਕਿ ਮਨੁੱਖ ਦੀਆ ਆਪਣੀਆ ਸੁਤੰਤਰ ਇੱਛਾਵਾਂ ਹਨ ਅਤੇ ਉਹ ਆਪਣੀਆਂ ਕਿਰਿਆਵਾਂ ਦੀ ਚੋਣ ਲਈ ਯੋਗ ਹਨ। ਉਹ ਲੋਕਾਂ ਨੂੰ ਉਨ੍ਹਾਂ ਦੀਆਂ ਯੋਗਤਾਵਾਂ ਦੇ ਅਨੁਸਾਰ ਆਪਣੇ ਸਾਥੀਆਂ ਦੇ ਨਾਲ ਸਮਾਜ ਵਿਚ ਰਹਿਣ ਅਤੇ ਸੰਤੋਸ਼ਜਨਕ ਜੀਵਨ ਜਿਉਣ ਵਿਚ ਮਦਦ ਕਰਨ ਤੇ ਜ਼ੋਰ ਦਿੰਦੇ ਹਨ। **ਰੋਜਰ** ਇਸ ਗੱਲ ਵਿਚ ਵਿਸ਼ਵਾਸ ਕਰਦਾ ਹੈ ਕਿ ਵਿਅਕਤੀ ਆਪਣੀ ਯੋਗਤਾ ਦੀ ਸਮਰੱਥਾ ਦਾ ਆਪਣੇ ਵਿਕਾਸ ਲਈ ਉਪਯੋਗ ਤਾ ਹੀ ਕਰ ਸਕਦੇ ਹਨ ਜੇ ਉਨ੍ਹਾਂ ਦਾ ਆਪਣੇ ਆਪ ਅਤੇ ਦੂਸਰਿਆਂ ਪ੍ਰਤੀ ਸਕਾਰਾਤਮਕ ਨਜਰੀਆਂ ਹੋਵੇ। ਮਾਨਵਵਾਦੀ ਪਛਾਣ ਦਾ ਵਿਕਾਸ , ਆਪਣੀ ਅਸਲੀ ਪਹਿਚਾਣ , ਆਦਰਸ਼ਵਾਦੀ ਪਹਿਚਾਣ ਅਤੇ ਦੂਜਿਆਂ ਪ੍ਰਤੀ ਸੁਤੰਤਰ ਸੁਨੇਹ ਦੇ ਦਰਮਿਆਨ ਇਕਸਾਰਤਾ ਦੀ ਭਾਲ ਕਰਦਾ ਹੈ। **ਮੈਸਲੋ** ਵਿਸ਼ਵਾਸ ਕਰਦਾ ਹੈ ਉਹ ਲੋਕ ਜਿਹੜੇ ਆਪਣੇ ਆਪ ਨੂੰ ਸਹੀ ਢੰਗ ਨਾਲ ਬਿਆਨ ਕਰਦੇ ਹਨ ਉਹ ਆਪਣੀ ਸਮਰੱਥਾ ਨੂੰ ਪੂਰਾ ਕਰ ਲੈਂਦੇ ਹਨ, ਅਤੇ ਸਮਾਜ ਦੁਆਰਾ ਮਾਨਤਾ ਪ੍ਰਾਪਤ ਮੁੱਲਾ ਦੀ ਦਿਸ਼ਾ ਵੱਲ ਆਪਣੀ ਜਿੰਦਗੀ ਵਿਚ ਉੱਨਤੀ ਪ੍ਰਾਪਤ ਕਰਦੇ ਹਨ। ਮਾਨਵਤਾਂ ਦੀਆ ਸਹੂਲਤਾਂ ਭਲਾਈ ਨੂੰ ਵਧਾ ਦਿੰਦੀਆਂ ਹਨ ਅਤੇ ਮਨੁੱਖ ਆਪਣੇ ਆਪ ਨੂੰ ਅਤੇ ਦੂਸਰਿਆਂ ਨੂੰ ਸਹੂਲਤਾਂ ਪ੍ਰਦਾਨ ਕਰਨ ਦੀ ਸੇਵਾ ਕਰਦੇ ਹਨ। ਉਹ ਆਪਣੇ ਸਾਥੀਆਂ ਨਾਲ ਮਾਨਵੀ ਮੁੱਲਾਂ ਨਾਲ ਡੂੰਘੇ ਸਬੰਧ ਬਣਾਉਣ ਦੇ ਯੋਗ ਹੋ ਜਾਂਦੇ ਹਨ।

**2.2.17 ਮਾਨਵਵਾਦੀ ਪਹਿਚਾਣ ਦੀਆਂ ਵਿਸ਼ੇਸ਼ਤਾਵਾਂ :**
ਮਾਨਵਵਾਦੀ ਦੁਨੀਆ ਨੂੰ ਚਿੰਤਾ ਅਤੇ ਤਣਾਅ ਤੋਂ ਮੁਕਤ ਕਰਨ ਤੇ ਜ਼ੋਰ ਦਿੰਦੇ ਹਨ। ਇਸ ਕੰਮ ਲਈ ਮਾਨਵਵਾਦੀ ਪਹਿਚਾਣ ਦਾ ਵਿਕਾਸ ਜ਼ਰੂਰੀ ਹੈ ਕਿਉਂਕਿ ਇਹ ਮਨੁੱਖ ਦੀ ਇੱਜ਼ਤ , ਗੁਣ ਅਤੇ ਭਲਾਈ ਨਾਲ ਗੂੜਾ ਸਬੰਧ ਰੱਖਦੀ ਹੈ। ਮਾਨਵਵਾਦੀ ਪਹਿਚਾਣ ਦੀਆ ਕੁੱਝ ਵਿਸ਼ੇਸਤਾਵਾਂ ਨਿਮਨਲਿਖਤ ਹਨ :-

1) ਮਾਨਵਵਾਦੀ ਪਹਿਚਾਣ ਵਾਲੇ ਵਿਅਕਤੀ ਇੰਕਤੰਤਰੀ ਮੁੱਲਾਂ ਨਾਲੋ ਲੋਕਤੰਤਰੀ ਮੁੱਲਾਂ ਤੇ ਜ਼ੋਰ ਦਿੰਦੇ ਹਨ।
2) ਉਹ ਪੂੰਜੀਵਾਦੀ ਮੁੱਲਾਂ ਨਾਲੋਂ ਸਮਾਜਵਾਦੀ ਮੁੱਲਾਂ ਤੇ ਜੋਰ ਦਿੰਦੇ ਹਨ।
3) ਉਨ੍ਹਾਂ ਦਾ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਅਤੇ ਰਵੱਈਆ ਵਿਗਿਆਨਕ ਹੁੰਦਾ ਹੈ ਅਤੇ ਉਹ ਪੱਛੜੇ ਹੋਏ ਅੰਧ-ਵਿਸ਼ਾਵਾਸ਼ਾ ਦਾ ਖੰਡਣ ਕਰਦੇ ਹਨ।
4) ਉਹ ਰਾਸ਼ਟਰੀ ਏਕਤਾ ਤੇ ਜ਼ੋਰ ਦਿੰਦੇ ਹਨ ਅਤੇ ਆਪਣੇ ਸਹਿਕਾਰੀਆਂ ਨਾਲ ਭਾਵਨਾਤਮਕ ਤੌਰ ਤੇ ਜੁੜੇ ਹੁੰਦੇ ਹਨ।
5) ਉਹ ਸਾਰੇ ਧਰਮਾਂ ਜਾਤਾਂ , ਭਾਸ਼ਾਵਾਂ ਆਦੀ ਦੀ ਕਦਰ ਕਰਦੇ ਹਨ।
6) ਮਾਨਵਵਾਦੀ ਪਹਿਚਾਣ ਵਾਲੇ ਵਿਅਕਤੀਆਂ ਵਿਚ ਸਹਿਨਸ਼ੀਲਤਾ ਦੀ ਭਾਵਨਾ ਹੁੰਦੀ ਹੈ ਜਿਹੜੀ ਕਿ ਉਨ੍ਹਾਂ ਨੂੰ ਮਨੁੱਖਤਾ ਦੇ ਇੱਕ ਸਾਂਝੇ ਵਿਰਸੇ ਵਿਚ ਜੋੜਦੀ ਹੈ।
7) ਉਹ ਸਵੈ-ਦਿਲਚਸਪੀ ਅਤੇ ਹੰਕਾਰ ਨੂੰ ਛੱਡ ਕੇ ਸਾਰਿਆ ਲਈ ਹਮਦਰਦੀ ਅਤੇ ਪਿਆਰ ਰੱਖਦਾ ਹੈ।
8) ਮਾਨਵਵਾਦੀ ਪਹਿਚਾਣ ਵਾਲੇ ਵਿਅਕਤੀਆਂ ਵਿਚ ਮੁੜ ਉਭਰਨ ਦੀ ਸ਼ਕਤੀ ਹੁੰਦੀ ਹੈ ਜਿਹੜੀ ਕਿ ਉਨ੍ਹਾ ਨੂੰ ਜਿੰਦਗੀ ਵਿਚ ਆਉਣ ਵਾਲੀਆਂ ਚੁਣੋਤੀਆਂ ਦਾ ਡੱਟ ਕੇ ਮੁਕਾਬਲਾ ਕਰਨ ਦੇ ਯੋਗ ਬਣਾਉਂਦੀ ਹੈ।
9) ਉਨ੍ਹਾਂ ਵਿਚ ਸਮੱਸਿਆਵਾ ਦਾ ਤਰਕ, ਸੂਝ ਅਤੇ ਹਿੰਮਤ ਨਾਲ ਹੱਲ ਕਰਨ ਦੀ ਯੋਗਤਾ ਹੁੰਦੀ ਹੈ।
10) ਮਾਨਵਵਾਦੀ ਪਹਿਚਾਣ ਇਕ ਅਜਿਹੀ ਸਰਵਪੱਖੀ ਵਿਕਸਿਤ ਸਖਸ਼ੀਅਤ ਵੱਲ ਸੰਕੇਤ ਕਰਦੀ ਹੈ। ਜਿਹੜੀ ਦੂਸਰਿਆਂ ਦੀ ਕਦਰ ਉਨ੍ਹਾਂ ਦੇ ਪੈਸੇ, ਯੋਗਤਾ ਸ਼ੋਹਰਤ ਜਾ ਸ਼ਕਤੀ ਕਰਕੇ ਨਹੀਂ ਕਰਦੀ, ਸਗੋਂ ਇਸ ਲਈ ਕਰਦੀ ਹੈ ਕਿ ਉਹ ਇਨਸਾਨ ਹਨ।
11) ਮਾਨਵਵਾਦੀ ਪਹਿਚਾਣ ਵਾਲਾ ਵਿਅਕਤੀ ਵਿਸ਼ਵ ਪ੍ਰਸਿੱਧ ਮੁੱਲ ਜਿਵੇ ਸੱਚਾਈ, ਸਹੀ ਵਿਵਹਾਰ, ਸ਼ਾਂਤੀ, ਪਿਆਰ ਅਤੇ ਅਹਿੰਸਾ ਤੇ ਜ਼ੋਰ ਦਿੰਦਾ ਹੈ ਜਿਹੜੇ ਕਿ ਸਖਸ਼ੀਅਤ ਦੇ ਬੌਧਿਕ, ਸਰੀਰਕ, ਭਾਵਨਾਤਮਕ, ਮਨੋਵਿਗਿਆਨ ਅਤੇ ਅਧਿਆਤਮਕ ਪੰਜ ਪੱਖਾਂ ਨੂੰ ਪ੍ਰਦਰਸ਼ਿਤ ਕਰਦੇ ਹਨ।
12) ਮਾਨਵਵਾਦੀ ਪਹਿਚਾਣ ਵਿਕਸਿਤ ਵਿਅਕਤੀ ਵਿਚ ਸਹਿਯੋਗ, ਮਨੁੱਖੀ ਭਲਾਈ, ਸੱਚਾਈ, ਸੁੰਦਰਤਾ, ਚੰਗਿਆਈ, ਪਿਆਰ ਅਤੇ ਹਮਦਰਦੀ ਨਾਲ ਭਰਪੂਰ ਹੁੰਦਾ ਹੈ।

**2.2.18 ਸਿੱਖਿਆ ਅਤੇ ਮਾਨਵਵਾਦੀ ਪਹਿਚਾਣ :**
ਇਕ ਸੁਚੱਜੀ ਸਿੱਖਿਆ ਪ੍ਰਣਾਲੀ ਦੀ ਪਹਿਚਾਣ ਇਹ ਨਹੀਂ ਕਿ ਉਸ ਦੀ ਪ੍ਰੀਖਿਆ ਪ੍ਰਣਾਲੀ ਚੰਗੀ ਮਾੜੀ ਹੋਣ ਦੀ ਪਰਖ ਕੀਤੀ ਜਾਵੇ, ਸਗੋਂ ਇਹ ਜਾਣਿਆ ਜਾਣਾ ਚਾਹੀਦਾ ਹੈ ਕਿ ਯੁਵਕਾਂ ਦਾ ਜੀਵਨ ਕਿੰਨਾ ਕੁ ਸੁਰੱਖਿਅਤ ਅਤੇ ਕਿੰਨਾ ਕੁ ਸਵਤੰਤਰ ਅਤੇ ਵਿਸਮਰਤਾ ਭਰਿਆ ਹੈ। ਯੁਵਕਾ ਨੂੰ ਸਵੈ-ਵਿਸ਼ਵਾਸ, ਸਾਥੀਆਂ 'ਚ ਭਰੋਸਾ, ਸਮਾਜ ਚੋ ਵਿਸ਼ਵਾਸ, ਆਪਣੇ ਚੁਣੇ ਹੋਏ ਭਵਿੱਖ ਦੇ ਕੰਮ ਦੇ ਧੰਦੇ ਦਾ ਵਿਸ਼ਵਾਸ ਦੀ ਲੋੜ ਹੈ। ਇਹ ਸਾਰੀਆ ਗੱਲਾਂ ਮਨੁੱਖੀ ਸਬੰਧਾਂ ਦੇ ਗਿਆਨ ਅਤੇ ਵਿਗਿਆਨ ਦੁਆਰਾ ਪ੍ਰੇਰਿਤ ਕੀਤੀਆ ਜਾ ਸਕਦੀਆ ਹਨ ਜੋ ਕਿ ਮਾਨਵਵਾਦ ਦੀ ਰੀੜ ਦੀ ਹੱਡੀ ਵਾਂਗ ਹਨ।

**2.2.18.1 ਸਿੱਖਿਆ ਦੇ ਮੰਤਵ :** ਸਿੱਖਿਆ ਦੁਆਰਾ ਅੰਦਰੂਨੀ ਅਤੇ ਬਾਹਰੀ ਦੁਨੀਆ ਦਾ ਗਿਆਨ ਮਿਲਣਾ ਚਾਹੀਦਾ ਹੈ। ਇਸ ਦੁਆਰਾ ਵਿਅਕਤੀ ਦੇ ਤਨ, ਮਨ ਤੇ ਆਤਮਾ ਨੂੰ ਉੱਪਰ ਚੁੱਕਦਿਆਂ ਉੱਨਤੀ ਵੱਲ ਲਿਜਾਣਾ ਹੁੰਦਾ ਹੈ । ਸਿੱਖਿਆ ਨੂੰ ਵਿਅਕਤੀ ਦੇ ਸੁਭਾਓ ਅਤੇ ਉਸ ਵਿਚ ਬਦਲਾਵ ਨੂੰ ਧਿਆਨ ਗੋਚਰ ਰੱਖਣਾ ਚਾਹੀਦਾ ਹੈ। ਸਿੱਖਿਆ ਦੇ ਮਹੱਤਵਪੂਰਣ ਉਦੇਸ਼ਾ ਚੋ ਇੱਕ ਹੈ ਕਿ ਤਨ ਮਨ ਦਾ ਵਿਕਾਸ ਕਰਨਾ ਜਿਸ ਨਾਲ ਨੇਕ ਦਿਲੀ,

ਸਿਆਣਪਤਾ ਹਾਸਿਲ ਹੋਵੇ ਅਤੇ ਚਰਿੱਤਰ ਵਿੱਚ ਉਭਾਰ ਆਵੇ ਅਤੇ ਮਾਨਵਵਾਦੀ ਗੁਣਵੱਤਾ ਦਾ ਵਿਕਾਸ ਹੋਵੇ। ਵਿਅਕਤੀ ਨੂੰ ਮੁੱਖ ਸਮਾਜਿਕ ਗਰੁੱਪਾਂ ਦੀਆ ਗਤੀਵਿਧੀਆਂ ਚ ਭਾਗ ਲੈਣ ਲਈ ਤਿਆਰ ਕੀਤਾ ਜਾਂਦਾ ਹੈ।

**ਸਰ ਪਰਸੀ ਨੱਨ** ਦਾ ਮੰਨਣਾ ਹੈ ਕਿ ਸਿੱਖਿਆ ਦੇ ਸਾਰੇ ਯਤਨਾਂ ਦਾ ਮੁੱਢਲਾ ਉਦੇਸ਼ ਇਹੋ ਹੀ ਹੁੰਦਾ ਹੈ ਕਿ ਵਿਅਕਤੀਆਂ ਨੂੰ ਹਰੇਕ ਦੀਆ ਯੋਗਤਾਵਾਂ ਅਨੁਸਾਰ ਉੱਚਤਮ ਪੱਧਰ ਤੱਕ ਤਿਆਰ ਕੀਤਾ ਜਾਵੇ। ਕਿਉਂਕਿ ਮਾਨਵਵਾਦ ਤਰਕਸ਼ੀਲਤਾ ਤੇ ਬਹੁਤ ਜ਼ੋਰ ਦਿੰਦਾ ਹੈ, ਇਸ ਲਈ ਸਿੱਖਿਆ ਦੇ ਉਦੇਸ਼ ਚੋਂ ਇੱਕ ਇਹ ਵੀ ਉਦੇਸ਼ ਹੈ ਕਿ ਬੁੱਧੀ ਨੂੰ ਵਿਕਸਿਤ ਕੀਤਾ ਜਾਵੇ। ਜਿਸ ਨਾਲ ਵਿਅਕਤੀ ਆਪਣੇ ਕਰਤੱਵ ਚੰਗੇਰੇ ਢੰਗ ਨਾਲ ਨਿਭਾ ਸਕੇ। ਮਾਨਵਵਾਦੀ ਸਿੱਖਿਆ  ਭਾਈਚਾਰਾ ਪੈਦਾ ਕਰਨ ਚ ਸਹਾਈ ਹੁੰਦੀ ਹੈ ਅਤੇ ਵਿਅਕਤੀ ਦੀ ਸੁਯੋਗਤਾ ਵਧਾ ਕੇ ਉਸ ਨੂੰ ਸਮਾਜ ਦਾ ਭਾਈਵਾਲ ਅੰਗ ਬਣਾਉਦੀ ਹੈ।

**2.2.18.2 ਪਾਠਕ੍ਰਮ :** ਜੋ ਪਾਠਕ੍ਰਮ ਮਾਨਵੀ ਗੁੱਣਵਤਾ ਵਧਾਉਂਦਾ ਹੋਵੇ, ਉਹ ਮਾਨਵੀ ਕਦਰਾਂ ਕੀਮਤਾਂ ਦਾ ਖਿਆਲ ਜ਼ਰੂਰ ਰੱਖਦਾ ਹੈ ਅਤੇ ਮਾਨਵੀ ਲੋੜਾਂ ਦੇ ਟੀਚਿਆਂ ਨੂੰ ਪੂਰਾ ਕਰਦਾ ਹੁੰਦਾ ਹੈ ਜਿਸ ਕਾਰਣ ਤਰਕਸ਼ੀਲਤਾ ਅਤੇ ਰਚਨਾਤਮਕ ਬਿਰਤੀ ਪ੍ਰਫੁੱਲਤ ਹੁੰਦੀ ਹੈ। ਇਕ ਚੰਗਾ ਪਾਠਕ੍ਰਮ ਰਚਨਾਤਮਕ ਬਾਲਕ ਨੂੰ ਇਕ ਰਚਨਾਤਮਕ ਬਾਲਗ ਬਣਾ ਦਿੰਦਾ ਹੈ। ਉਹ ਸਾਰੀਆਂ ਲੋੜਾਂ, ਸਮਰੱਥਾਵਾ ਤੇ ਅਨੁਭਵਾਂ ਦੀ ਪਛਾਣ ਕਰਦੇ ਹਨ ਜੋ ਸਾਰੇ ਬੱਚਿਆਂ ਲਈ ਸਾਂਝੇ ਹੋਣ, ਪਰੰਤੂ ਇੱਕ ਵਿਅਕਤੀ ਲਈ ਖਾਸ ਹੋਣ। ਸੋ ਮਾਨਵੀ ਪਾਠਕ੍ਰਮ ਦੀ ਲੋੜ ਬਾਲਕਾਂ ਅਤੇ ਬਾਲਗਾ ਨੂੰ ਧਿਆਨ ਵਿਚ ਰੱਖਦਿਆ ਪੂਰੀ ਕੀਤੀ ਜਾਂਦੀ ਹੈ। ਵੱਖ-ਵੱਖ ਗੁੱਟਾਂ ਦੇ ਬੱਚਿਆਂ ਦੀਆ ਰੁਚੀਆਂ ਤੇ ਯੋਗਤਾਵਾ ਦਾ ਧਿਆਨ ਰੱਖਿਆ ਜਾਣਾ ਜ਼ਰੂਰੀ ਹੈ।

**2.2.18.3 ਸਿੱਖਿਆ ਵਿਧੀ :** ਮਾਨਵ-ਸ਼ਾਸਤਰੀ ਸਿੱਖਿਆ ਦੇ ਉਹ ਸਾਰੇ ਤਰੀਕੇ ਨਕਾਰਦੇ ਹਨ ਜਿਹਨਾਂ ਨਾਲ ਪੜ੍ਹਾਉਣਾ ਤਾ ਵਧੀਆ ਲਗਦਾ ਹੈ ਪਰ ਪੱਲੇ ਕੁੱਝ ਨਾ ਪੈਂਦਾ ਹੋਵੇ। ਉਹ ਪਰੰਪਰਾਵਾਦੀ ਮਸ਼ੀਨੀ ਢੰਗਾਂ ਨਾਲੋ ਮਾਨਵੀ ਢੰਗਾ ਨੂੰ ਚੰਗਾ ਸਮਝਦੇ ਹਨ। ਮਨੁੱਖੀ ਸਾਧਨਾ ਨੂੰ ਪਰੰਪਰਾਵਾਦੀ ਮਸ਼ੀਨੀ ਸਾਧਨਾ ਤੋਂ ਉਪਰ ਰੱਖਦੀਆ ਪਹਿਲ ਦਿੰਦੇ ਹਨ। ਇਸ ਤਰ੍ਹਾਂ ਪ੍ਰੋਜੈਕਟ ਢੰਗ ਦੁਆਰਾ ਸਿਖਾਉਣ ਦੀ ਵਕਾਲਤ ਕੀਤੀ ਜਾਂਦੀ ਹੈ।

**2.2.18.4 ਅਧਿਆਪਕ :** ਅਧਿਆਪਕ ਇਕ ਅਜਿਹਾ ਖਾਸ ਵਿਅਕਤੀ ਹੈ ਜੋ ਸਮਾਜ ਦੀਆ ਲੋੜੀਦੀਆਂ ਕਦਰਾਂ ਕੀਮਤਾਂ ਆਪਣੇ ਚਰਿੱਤਰ, ਗਤੀਵਿਧੀਆਂ ਅਤੇ ਸਮੁੱਚੇ ਵਿਅਕਤੀਤਵ ਦੁਆਰਾ ਆਪਣੇ ਬੱਚਿਆ ਨੂੰ ਧਾਰਨ ਕਰਾਉਣ ਵਿਚ ਸਹਾਈ ਹੁੰਦਾ ਹੈ। ਸਕੂਲ ਵਿਚ ਅਧਿਆਪਕ ਆਪਣੇ ਵਿਦਿਆਰਥੀਆਂ ਲਈ ਇਕ ਮਿਸਾਲ ਹੁੰਦੇ ਹਨ ਜੋ ਉਹਨਾਂ ਨੂੰ ਨੈਤਿਕਤਾ ਦਾ ਵਿਵਹਾਰ ਸਿਖਾਉਂਣ ਲਈ ਵੱਡਾ ਯੋਗਦਾਨ ਪਾਉਦੇ ਹਨ। ਮਾਨਵੀ ਸਬੰਧਾਂ ਨੂੰ ਪ੍ਰੇਰਤ ਕਰਨ ਲਈ ਅਧਿਆਪਕ ਆਪਣੀ ਹੀ ਉਦਾਹਰਣ ਪੇਸ਼ ਕਰਦੇ ਹਨ। ਇਕ ਅਧਿਆਪਕ ਬੱਚੇ ਦੇ ਸੰਭਾਵੀ ਗੁਣਾਂ ਨੂੰ ਸਵੀਕਾਰਦਾ ਹੋਇਆ ਜਿੱਥੇ ਬੱਚੇ ਨੂੰ ਵਡਿਆਉਂਦਾ ਹੈ, ਉਥੇ ਆਪਣੇ ਆਪ ਨੂੰ ਵੀ ਵਧੇਰੇ ਪ੍ਰਫੁੱਲਤ ਕਰਦਾ ਹੈ । ਇਸ ਤਰ੍ਹਾਂ ਨਾਲ ਉਹ ਸੁਤੰਤਰਤਾ ਦਾ ਮਾਹੌਲ ਪੈਦਾ ਕਰਦਿਆਂ ਆਪਸੀ ਸਹਿਯੋਗ ਦੀ ਭਾਵਨਾ ਪੈਦਾ ਕਰਦਾ ਹੈ ।

### 2.2.19 ਮਾਨਵੀ ਪਹਿਚਾਣ ਅਤੇ ਸਕੂਲੀ ਕਿਰਿਆਵਾਂ :

**ਚਵਾਨ ਕਮੇਟੀ ਦੀ ਰਿਪੋਰਟ** ਮਾਨਵੀ ਕਦਰਾਂ-ਕੀਮਤਾਂ ਬਾਰੇ ਇਸ ਗੱਲ ਤੇ ਜ਼ੋਰ ਦਿੰਦੀ ਹੈ ਕਿ ਸਕੂਲੀ ਪੱਧਰ ਖਾਸ ਕਰਕੇ ਪ੍ਰਾਇਮਰੀ ਸਟੇਜ, ਤੇ ਹੀ ਬੱਚਿਆਂ ਵਿਚ ਮਾਨਵੀ ਕਦਰਾਂ-ਕੀਮਤਾਂ ਕਾਇਮ ਕਰਨ ਲਈ ਯਤਨ ਅਰੰਭਣੇ ਚਾਹੀਦੇ ਹਨ। ਕੁੱਝ ਵਿਅਕਤੀਗਤ ਗੁਣ ਜਿਵੇਂ ਮਾਪਿਆਂ, ਅਧਿਆਪਕਾਂ ਤੇ ਵੱਡਿਆ ਦਾ ਆਦਰ ਕਰਨਾ, ਸੱਚਾਈ ਤੇ ਹੱਕ ਲਈ ਜੂਝਣਾ, ਸਮੇਂ ਦੀ ਪਾਬੰਦੀ, ਸਫਾਈ ਅਤੇ ਨਿਮਰਤਾ ਅਨੁਸਾਰ ਚੱਲਣ ਦੇ ਨਾਲ-ਨਾਲ ਸਮਾਜਿਕ ਜੀਵਨ ਜਾਂਚ ਦੇ ਕੁੱਝ ਹੋਰ ਨਿਯਮ ਵੀ ਵਿਦਿਆਰਥੀਆਂ ਵਿਚ ਆ ਜਾਣੇ ਚਾਹੀਦੇ ਹਨ। ਅਜਿਹੀਆ ਕਦਰਾਂ -ਕੀਮਤਾਂ ਦਾ ਹੋਣਾ ਸਮੁੱਚੇ ਸਮਾਜ ਲਈ ਲਾਹੇਵੰਦ ਹੈ; ਖਾਸ ਕਰਕੇ ਬਿਰਧਾਂ, ਅੰਗਹੀਣਾਂ, ਦਲਿਤਾਂ ਅਤੇ ਪੱਛੜਿਆ ਲਈ। ਆਪਣੇ ਘਰ ਅਤੇ ਪਰਿਵਾਰ ਹੀ ਇਕ ਵਿਅਕਤੀ ਦੇ ਸਿੱਖਣ ਲਈ, ਸਮਾਜ ਵਿਚ ਸਭ ਤੋਂ ਪਹਿਲੀ ਪੋੜੀ ਹੁੰਦੀ ਹੈ, ਜਿੱਥੋ ਉਹ ਆਪਣਾ ਚੰਗਾ ਮਾੜਾ ਵਿਅਕਤੀਪੁਣਾ ਸ਼ੁਰੂ ਕਰਦਾ ਹੈ।

ਆਪਣੇ ਸਕੂਲ ਵਿਚ ਬੱਚੇ ਆਪਣੇ ਹੀ ਛੋਟੇ ਜਿਹੇ ਸਮਾਜ ਦਾ ਅੰਗ ਹੁੰਦੇ ਹਨ ਜਿਹੜਾ ਉਹਨਾਂ ਦੇ ਨੈਤਿਕ ਵਿਕਾਸ ਉੱਤੇ ਇਕ ਸ਼ਕਤੀਸ਼ਾਲੀ ਪ੍ਰਭਾਵ ਪਾਉਦਾ ਹੈ ਉਹਨਾਂ ਦੇ ਅਧਿਆਪਕ ਉਹਨਾਂ ਲਈ ਪ੍ਰੇਰਨਾ ਸਰੋਤ ਬਣ ਕੇ ਨੈਤਿਕ ਤੇ ਮਾਨਵੀ ਗੁਣ ਪੈਦਾ ਕਰਨ ਚ ਵੱਡਾ ਸਾਧਨ ਹੁੰਦੇ ਹਨ। ਸਕੂਲ ਦੇ ਨਿਯਮਾਂ ਤੇ ਮਰਿਆਦਾਂ ਤੋਂ ਇਲਾਵਾ ਉਥੋਂ ਦਾ ਮਾਹੌਲ ਸਹਿਜ-ਸੁਭਾਅ ਹੀ ਮਾਨਵੀ ਗੁਣ ਪੈਦਾ ਕਰਨ ਲਈ ਸਹਾਈ ਹੁੰਦਾ ਹੈ। ਬੱਚਿਆਂ ਵਿੱਚ ਮਾਨਵੀ ਗੁਣ ਪੈਦਾ ਕਰਨ ਲਈ ਸਕੂਲਾਂ ਨੂੰ ਹੇਠ ਦਿੱਤੀਆਂ ਗੱਲਾਂ ਤੇ ਜ਼ੋਰ ਦੇਣਾ ਚਾਹੀਦਾ ਹੈ।

**1. ਜਵਾਬਦੇਹੀ :** ਵਿਦਿਆਰਥੀ ਨੂੰ ਆਪਣੇ ਕਾਰਜਾਂ ਪ੍ਰਤੀ ਜਵਾਬਦੇਹੀ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਉਹਨਾਂ ਨੂੰ ਦੂਸਰਿਆਂ ਦਾ ਆਦਰ ਕਰਨਾ ਅਤੇ ਦੂਸਰਿਆਂ ਨਾਲ ਦਿਆਪੂਰਨ ਰਵੱਈਆ ਅਪਣਾਉਣਾ ਸਿਖਾਇਆ ਜਾਣਾ ਚਾਹੀਦਾ ਹੈ।

**2. ਪ੍ਰੇਰਣਾ ਸ੍ਰੋਤ :** ਘਰਾਂ ਵਿਚ ਬੱਚੇ ਮਾਪਿਆਂ ਤੇ ਵਡੇਰਿਆਂ ਦੀ ਨਕਲ ਕਰਕੇ ਉਹਨਾਂ ਵਰਗੇ ਬਣਨ ਦੀ ਕੋਸ਼ਿਸ ਕਰਦੇ ਹਨ। ਘਰੋਂ ਬਾਹਰ ਉਹ ਆਪਣੇ ਅਧਿਆਪਕਾਂ ਦੀ ਸਭ ਤੋ ਪਹਿਲਾ ਨਕਲ ਕਰਕੇ ਉਹਨਾਂ ਜਿਹਾ ਵਿਹਾਰਕ ਨਮੂਨਾ ਬਣਦੇ ਹਨ। ਸੋ ਅਧਿਆਪਕਾਂ ਨੂੰ ਉਹਨ੍ਹਾਂ ਪ੍ਰਤੀ ਖਿਆਲ ਰੱਖਣ, ਚੰਗੇ ਵਿਵਹਾਰ ਲਈ ਪ੍ਰੇਰਤ ਕਰਨ ਅਤੇ ਉਹਨਾਂ ਨੂੰ ਸੰਭਵ ਸਹਿਯੋਗ ਦੇਣ ਦੀ ਲੋੜ ਹੈ। ਜਦੋਂ ਬੱਚੇ ਆਪਣੇ ਅਧਿਆਪਕਾਂ ਤੇ ਵਡੇਰਿਆਂ ਦੁਆਰਾ ਹੋਰਨਾਂ ਨੂੰ ਪ੍ਰੇਰਤ ਕਰਦਿਆਂ, ਸਹਿਯੋਗ ਦਿੰਦਿਆਂ ਤੇ ਉਤਸ਼ਾਹਿਤ ਕਰਦਿਆਂ ਦੇਖਦੇ ਹਨ ਤਾਂ ਉਹ ਵੀ ਉਹਨਾ ਜਿਹੇ ਗੁਣ ਧਾਰਨਾ ਸਿੱਖਦੇ ਹਨ।

**3. ਮਦਦਗਾਰ ਹੋਣਾ :** ਬੱਚਿਆਂ ਨੂੰ ਨੈਤਿਕਤਾ ਦੀਆ ਕਦਰਾਂ-ਕੀਮਤਾਂ ਸਕੂਲ ਤੋਂ ਹੀ ਸਿੱਖਣ ਨੂੰ ਮਿਲਦੀਆਂ ਹਨ। ਉਹਨਾਂ ਨੂੰ ਅਜਿਹੇ ਗੁਣ ਗੱਲਾਂ-ਬਾਤਾਂ, ਕਹਾਣੀਆਂ ਅਤੇ ਕਿਰਿਆਵਾਂ ਦੁਆਰਾ ਪਰਪੱਕ ਕਰਨੇ ਚਾਹੀਦੇ ਹਨ ਜਿਹਨਾਂ ਨਾਲ ਉਹ ਆਪਣਾ ਵਿਵਹਾਰ ਸੁਧਾਰਨ ਲਈ ਉਤਸ਼ਾਹਿਤ ਹੁੰਦੇ ਹਨ। ਬਿਰਧ ਆਸ਼ਰਮ ਅਤੇ ਯਤੀਮ ਖਾਨੇ ਵਿਖਾਉਣੇ ਚਾਹੀਦੇ ਹਨ ਤਾਂ ਜੋ ਉਹਨਾਂ ਵਿੱਚ ਦੂਜਿਆਂ ਪ੍ਰਤੀ ਅਹਿਸਾਸ ਪੈਦਾ ਹੋਵੇ ਅਤੇ ਸੇਵਾ ਕਰਨ ਦੀ ਭਾਵਨਾ ਪੈਦਾ ਹੋਵੇ।

**4. ਪ੍ਰੰਸ਼ਸਾ ਕਰਨੀ :** ਦੂਜਿਆਂ ਦੀ ਸੇਵਾ, ਸਹਾਇਤਾ ਕਰਨ ਦਾ ਜਦੋਂ ਵੀ ਕੋਈ ਮੋਕਾ ਵੇਖਣ ਨੂੰ ਅਧਿਆਪਕਾਂ ਨੂੰ ਮਿਲੇ ਤਾਂ ਉਸ ਵੱਲੋ ਬੱਚਿਆ ਨੂੰ ਪ੍ਰਸ਼ੰਸਾ ਤੇ ਉਤਸ਼ਾਹਿਤ ਕਰਨ ਦੀ ਕੋਸ਼ਿਸ ਕਰਨੀ ਚਾਹੀਦੀ ਹੈ ਜਿਸ ਨਾਲ ਵਿਦਿਆਰਥੀਆਂ ਵਿੱਚ ਪ੍ਰਸ਼ੰਸਾ ਕਰਨ ਦੀ ਪ੍ਰਵਿਰਤੀ ਵਿਕਸਿਤ ਹੋ ਸਕੇ।

**2.2.20 ਸਿੱਟਾ :** ਇਸ ਅਧਿਆਇ ਵਿੱਚ ਵਿਚਾਰਾਂ ਨੂੰ ਛਾਣਦਿਆਂ ਇਸ ਨਤੀਜੇ ਤੇ ਪੁੱਜਦੇ ਹਾਂ ਕਿ ਇਕ ਵਿਅਕਤੀ ਦੀ ਸਵੈ ਪਛਾਣ ਉਸ ਦੇ ਗਿਆਨ ਅਤੇ ਸੂਝ ਬੂਝ ਦੀ ਆਪਣੇ ਪ੍ਰਤੀ ਅਤੇ ਹੋਰਨਾਂ ਪ੍ਰਤੀ ਵਤੀਰੇ ਦੀ ਝਲਕ ਹੀ ਹੁੰਦੀ ਹੈ। ਸਵੈ ਪਹਿਚਾਣ ਦੇ ਨਾਲ - ਨਾਲ ਇਕ ਵਿਅਕਤੀ ਅੰਦਰ ਬਹੁ ਪਹਿਚਾਣ ਵੀ ਵੇਖਣ ਨੂੰ ਮਿਲਦੀ ਹੈ ਜੋ ਉਸਦੇ ਕਿਸੇ ਖਾਸ ਧਰਮ, ਜਾਤੀ, ਸੱਭਿਆਚਾਰ, ਲਿੰਗ , ਧੰਦੇ , ਕੌਮੀਅਤ ਨਾਲ ਸਬੰਧਿਤ ਹੋਣ ਕਾਰਨ ਹੁੰਦਾ ਹੈ। ਅਜਿਹਾ ਵਿਅਕਤੀ ਇਕ ਵਿਲੱਖਣ ਪ੍ਰਕਾਰ ਦਾ ਵਿਅਕਤੀ ਹੁੰਦਾ ਹੈ ਜਿਸ ਵਿਚ ਕਈ ਗੁਣਾਂ , ਵਿਚ ਹੂ-ਬ-ਹੂ ਸਾਂਝ ਵੀ ਹੁੰਦੀ ਹੈ। ਅਜਿਹਾ ਵਿਅਕਤੀ ਆਪਣੇ ਆਪ ਵਿਚ ਅਤੇ ਦੂਜਿਆਂ ਪ੍ਰਤੀ ਵੀ ਰੁਚੀ ਰੱਖਦਾ ਹੈ ਅਤੇ ਬਿਨਾਂ ਕਿਸੇ ਡਰ ਦੀ ਭਾਵਨਾ ਦੇ ਕੰਮ ਕਰਨ ਲਈ ਖੁਦਮੁਖਤਿਆਰੀ ਦੀ ਭਾਵਨਾ ਵੀ ਵਿਕਸਿਤ ਕਰਦਾ ਹੈ। ਇਹ ਉਸਨੂੰ ਵਿਲੱਖਣ ਸਮਾਜਿਕ ਜੀਵ ਬਣਾਉਂਦਾ ਹੈ।

### 2.2.21 ਸੁਝਾਏ ਪ੍ਰਸ਼ਨ :

1. ਰਾਸ਼ਟਰੀ ਪਹਿਚਾਣ ਤੋਂ ਕੀ ਭਾਵ ਹੈ ਇਸ ਤੇ ਤੱਤਾਂ ਅਤੇ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ ?
2. ਸਕੂਲਿੰਗ ਪ੍ਰਕਿਰਿਆ ਦਾ ਰਾਸ਼ਟਰੀ ਪਹਿਚਾਣ ਨਿਰਮਾਣ ਵਿਚ ਭੂਮਿਕਾ ਦਾ ਵਰਣਨ ਕਰੋ ?
3. ਰਾਸ਼ਟਰੀ ਏਕਤਾ, ਧਰਮ੍ ਨਿਰਪੱਖਤਾ ਅਤੇ ਮਾਨਵਵਾਦ ਦੇ ਸੰਕਲਪ ਦਾ ਵਰਣਨ ਕਰੋ ?
4. ਧਰਮ ਨਿਰਪੱਖਤਾ ਦਾ ਅਧਾਰ ਕੀ ਹੈ, ਧਰਮ ਨਿਰਪੱਖਤਾ ਦਾ ਪੱਛਮੀ ਤੇ ਭਾਰਤੀ ਸੰਕਲਪ ਤੇ ਚਾਨਣਾ ਪਾਉ?

5. ਧਰਮ ਨਿਰਪੱਖ ਪਹਿਚਾਣ ਵਿਕਸਤ ਕਰਨ ਦੀ ਜ਼ਰੂਰਤ ਕਿਉਂ ਹੈ ਧਰਮ ਨਿਰਪੱਖ ਪਹਿਚਾਣ ਦੀਆਂ ਵਿਸ਼ੇਸਤਾਵਾਂ ਦਾ ਵਰਣਨ ਕਰੋ ?
6. ਸਕੂਲ ਧਰਮ ਨਿਰਪੱਖ ਪਹਿਚਾਣ ਵਿਕਸਤ ਕਰਨ ਵਿਚ ਕਿਵੇਂ ਸਹਾਈ ਹੁੰਦਾ ਹੈ ?
7. ਮਾਨਵਵਾਦੀ ਪਹਿਚਾਣ ਵਿਕਸਤ ਕਰਨ ਦੀ ਜ਼ਰੂਰਤ ਕਿਉਂ ਹੈ ਇਸਦੀਆਂ ਵਿਸ਼ੇਸਤਾਵਾਂ ਦਾ ਵਰਣਨ ਕਰੋ ?
8. ਮਾਨਵਵਾਦੀ ਪਹਿਚਾਣ ਦੇ ਵਿਕਾਸ ਲਈ ਕਿਹੜੀਆਂ ਮਨੁੱਖੀ ਕਦਰਾਂ ਦੀ ਜ਼ਰੂਰਤ ਹੁੰਦੀ ਹੈ ?
9. ਮਾਨਵਵਾਦੀ ਪਹਿਚਾਣ ਦੇ ਵਿਕਾਸ ਵਿਚ ਸਕੂਲ ਕੀ ਭੂਮਿਕਾ ਨਿਭਾਉਂਦਾ ਹੈ ?

**2.2.22** **Suggested Readings**


1. Arnett, J.J. (2000). “Emerging adulthood: A theory of development from the late teens through the twenties”. *American Psychologist*, 57,774-783.
2. Broudy, H.S (1955). *Building a Philosophy of Education*, New Delhi: Prentice Hall of India.
3. Baron, R.A. (2012). *Psychology*. New Delhi: Prentice Hall of India Pvt. Ltd.
4. Bhattacharya, Srinibas (2000). *Sociological Foundations of Education*. New Delhi: Atlantic Publishers and Distributors.
5. Erikson, E.H. (1956). “The problem of ego identity”. *Journal of American Psychoanalytic Association*, 4, 56-121.
6. Brown, Francis J. (1954). *Educational Sociology*, New York: Prentice Hall of India.
7. Ottoway, A.K.C (1962). *Education and Society*, London: Routledge Kegan Paul.
8. Pathak, Avijit (2004). *Social Implications of Schooling: Knowledge, Pedagogy and Consciousness*. Rainbow Publishers : Noida
9. Hurn, C.J (1993). *Limits and Possibilities of Schooling: An Introduction to the Sociology of Education.* Boston: Allyn and Bacon.
10. M Carnoy, D Rhoten (2002). *What Does Globalization Mean for Educational Change? A comparative Approach*, Comparative Education Review.
11. Jack, G., & lorbievki, A. (2007). “National identity, globalization and the discursive construction of organizational identity”. *British Journal of Management,* 18, 79-94.

**ਪਾਠ ਨੰ: 2.3** **ਲੇਖਿਕਾ: ਡਾ. ਰੇਖਾ**

## ਰਚਨਾਤਮਿਕ ਸਿੱਖਿਆ ਅਤੇ ਆਲੋਚਨਾਤਮਿਕ ਅਧਿਆਪਨ-ਸ਼ਾਸਤਰ ਦੀ ਸ਼ਾਂਤੀਪੂਰਣ ਜੀਵਨ ਨਿਰਵਾਹ ਵਿਚ ਉਸਾਰੂ ਭੂਮਿਕਾ

**ਪਾਠ ਦੀ ਬਣਤਰ:**

2.3.1 ਉਦੇਸ਼
2.3.2 ਭੂਮਿਕਾ
2.3.3 ਸ਼ਾਂਤਮਈ ਜੀਵਨ ਅਤੇ ਸਿੱਖਿਆ
2.3.4 ਸ਼ਾਂਤੀ ਦੀ ਧਾਰਨਾ
2.3.5 ਸ਼ਾਂਤੀ ਲਈ ਸਿੱਖਿਆ ਦੀ ਧਾਰਨਾ
2.3.6 ਸ਼ਾਂਤੀ ਸਿੱਖਿਆ ਦੀ ਧਾਰਨਾ
2.3.7 ਸ਼ਾਂਤੀ ਸਿੱਖਿਆ ਦੀ ਜ਼ਰੂਰਤ
2.3.8 ਸਿੱਖਿਆ ਦੀ ਰਚਨਾਤਮਿਕ ਭੂਮਿਕਾ
2.3.9 ਸ਼ਾਂਤਮਈ ਜੀਵਨ ਲਈ ਆਲੋਚਨਾਤਮਕ ਅਧਿਆਪਨ
2.3.10 ਆਲੋਚਨਾਤਮਕ ਅਧਿਆਪਨ ਦੀ ਪ੍ਰਕਿਰਿਆ
2.3.11 ਅਧਿਆਪਕ ਦੀ ਭੂਮਿਕਾ
2.3.12 ਮੁੱਖ ਅਧਿਆਪਕ ਦੀ ਭੂਮਿਕਾ
2.3.13 ਮਾਪਿਆਂ ਦੀ ਭੂਮਿਕਾ
2.3.14 ਪਾਠਕ੍ਰਮ ਵਿੱਚ ਸ਼ਾਂਤੀ ਸਿੱਖਿਆ ਦਾ ਏਕੀਕਰਣ
2.3.15 ਸਿੱਟਾ
2.3.16 ਸੁਝਾਏ ਪ੍ਰਸ਼ਨ
2.3.17 ਤਜਵੀਜ਼ਤ ਪਾਠ ਸਮੱਗਰੀ

### 2.3.1 ਉਦੇਸ਼ :

ਇਹ ਪਾਠ ਪੜ੍ਹਨ ਤੋਂ ਬਾਅਦ ਵਿਦਿਆਰਥੀ ਇਹ ਸਮਝਣ ਯੋਗ ਹੋ ਜਾਵੇਗਾ ਕਿ :

1. ਸ਼ਾਂਤੀ ਕੀਂ ਹੈ।
2. ਸ਼ਾਂਤੀ ਸਿੱਖਿਆ ਅਤੇ ਸ਼ਾਂਤੀ ਲਈ ਸਿੱਖਿਆ ਲਈ ਕਿਵੇਂ ਭਿੰਨ ਹੈ।
3. ਸ਼ਾਂਤੀ ਸਿੱਖਿਆ ਦੀ ਲੋੜ ਕਿਉਂ ਹੈ।
4. ਆਲੋਚਨਾਤਮਕ ਅਧਿਆਪਨ ਕੀ ਹੈ।
5. ਆਲੋਚਨਾਤਮਕ ਅਧਿਆਪਨ ਦੀ ਕਿਰਿਆ ਵਿਚ ਅਧਿਆਪਕਾਂ ਦੀ, ਮੁੱਖ ਅਧਿਆਪਕ ਦੀ ਅਤੇ ਮਾਪਿਆਂ ਦੀ ਕੀ ਭੂਮਿਕਾ ਹੈ।
6. ਪਾਠਕ੍ਰਮ ਵਿੱਚ ਸ਼ਾਂਤਮਈ ਜੀਵਨ ਲਈ ਸ਼ਾਂਤੀ ਸਿੱਖਿਆ ਦਾ ਏਕੀਕਰਣ ਕਿਵੇਂ ਕੀਤਾ ਜਾ ਸਕਦਾ ਹੈ।

**2.3.2 ਭੂਮਿਕਾ :**

ਟੀ.ਰੇਮੰਟ ਅਨੁਸਾਰ ਸਿੱਖਿਆ ਵਿਕਾਸ ਦੀ ਅਜਿਹੀ ਪ੍ਰਕਿਰਿਆ ਹੈ ਜਿਸ ਵਿੱਚ ਮਨੁੱਖ ਦਾ ਬਚਪਨ ਤੋਂ ਪ੍ਰੋੜ੍ਹਤਾ ਤੱਕ ਦਾ ਸਫਰ ਸ਼ਾਮਿਲ ਹੈ। ਇਹ ਉਹ ਪ੍ਰਕਿਰਿਆ ਹੈ ਜਿਸ ਵਿਚ ਉਹ ਆਪਣੇ ਆਪ ਨੂੰ ਹੌਲੀ-ਹੌਲੀ ਸਮਾਜਿਕ ਭੌਤਿਕ ਵਾਤਾਵਰਣ ਅਨੁਸਾਰ ਢਾਲਦਾ ਹੈ। ਸਿੱਖਿਆ ਅਜਿਹੇ ਤਰੀਕੇ ਨਾਲ ਹੋਣੀ ਚਾਹੀਦੀ ਹੈ ਜੋ ਮਨੁੱਖੀ ਜੀਵਨ ਦੇ ਹਰੇਕ ਪੱਖ ਦਾ ਵਿਕਾਸ ਕਰੇ ਅਤੇ ਹਰੇਕ ਵਿਅਕਤੀ ਸਾਰੇ ਸੰਭਵ ਹਾਲਾਤਾਂ ਵਿਚ ਜਿਉਣਾ ਸਿੱਖ ਸਕੇ। ਹਰਬਰਟ ਸਪੈਂਸਰ ਅਨੁਸਾਰ ਸਿੱਖਿਆ ਦਾ ਉਦੇਸ਼ ਪੂਰਨ ਜੀਵਨ ਦੀ ਸਿਖਲਾਈ ਹੋਣਾ ਚਾਹੀਦਾ ਹੈ।ਸਪੈਸਰ ਲਈ ਜ਼ਿੰਦਗੀ ਦਾ ਮਤਲਬ ਪੰਜ ਕਿਰਿਆਵਾਂ ਤੇ ਅਮਲ ਕਰਨਾ ਹੈ : ਸਵੈ-ਰੱਖਿਆ ਦੀ ਕਿਰਿਆ, ਜਿੰਦਗੀ ਨੂੰ ਸਪੱਸ਼ਟ ਰੂਪ ਵਿਚ ਬਚਾਉਣ ਦੀ ਕਿਰਿਆ, ਆਪਣੀ ਸੰਤਾਨ ਨੂੰ ਬਚਾਉਣ ਦੀ ਕਿਰਿਆ, ਸਮਾਜ ਨੂੰ ਬਚਾਉਣ ਦੀ ਕਿਰਿਆ ਅਤੇ ਆਪਣੇ ਵਾਧੂ ਸਮੇਂ ਨੂੰ ਗੁਜ਼ਾਰਨ ਦੀ ਕਿਰਿਆ । ਵਿਅਕਤੀ ਨੂੰ ਆਪਣੇ ਪ੍ਰਤੀ, ਦੋਸਤਾਂ ਪ੍ਰਤੀ, ਸਮਾਜ ਅਤੇ ਰਾਸ਼ਟਰ ਪ੍ਰਤੀ ਵੱਖ ਵੱਖ ਜਿੰਮੇਵਾਰੀਆ ਦਾ ਗਿਆਣਾ ਹੋਣਾ ਜ਼ਰੂਰੀ ਹੈ ਤਾਂ ਜੋ ਉਹ ਸਮੇ ਤੇ ਪੂਰੀਆ ਹੋ ਸਕਣ।ਡੈਨੀਅਲ ਵੈਬਸਟਰ ਅਨੁਸਾਰ ਭਾਵਨਾਵਾਂ ਅਨੁਸ਼ਾਸ਼ਿਤ ਹੋਣੀਆਂ ਚਾਹੀਦੀਆਂ ਹਨ, ਜਨੂੰਨ ਤੇ ਬੰਧਨ ਹੋਣੇ ਚਾਹੀਦੇ ਹਨ, ਸੱਚੇ ਅਤੇ ਨੇਕ ਉਦੇਸ਼ਾਂ ਨੂੰ ਪ੍ਰੇਰਿਆ ਜਾਣਾ ਚਾਹੀਦਾ ਅਤੇ ਹਰੇਕ ਹਾਲਤ ਵਿਚ ਸ਼ੁੱਧ ਨੈਤਿਕ ਭਾਵਨਾਵਾਂ ਤੇ ਅਮਲ ਕੀਤਾ ਜਾਣਾ ਚਾਹੀਦਾ ਹੈ। ਸਿੱਖਿਆ ਦਾ ਮਕਸਦ ਗਿਆਨ ਦੇ ਪ੍ਰਸਾਰ ਦੇ ਨਾਲ ਨਾਲ ਇਹਨਾ ਸਾਰਿਆਂ ਨੂੰ ਪੂਰਾ ਕਰਨਾ ਵੀ ਹੈ ।

**2.3.3 ਸ਼ਾਂਤਮਈ ਜੀਵਨ ਅਤੇ ਸਿੱਖਿਆ :**

ਸ਼ਾਂਤਮਈ ਜੀਵਨ ਜਿਉਣ ਲਈ ਸਿੱਖਿਆ ਨੂੰ ਇਕ ਅਜਿਹੀ ਕਿਰਿਆ ਮੰਨਿਆ ਗਿਆ ਹੈ ਜਿਸ ਵਿਚ ਸੁਣਨਾ, ਚਿੰਤਨ ਕਰਣਾ, ਸਮੱਸਿਆ ਹੱਲ ਕਰਨਾ, ਸਹਿਯੋਗ ਕਰਨਾ ਅਤੇ ਝਗੜਿਆ ਦਾ ਹੱਲ ਕਰਨਾ ਆਦਿ ਹੁਨਰ ਸ਼ਾਮਿਲ ਹੈ। ਇਹ ਇਕ ਅਜਿਹੀ ਕਿਰਿਆ ਹੈ ਜਿਸ ਵਿਚ ਲੋਕਾਂ ਦਾ ਹੁਨਰ, ਵਿਵਹਾਰ ਅਤੇ ਗਿਆਨ ਦਾ ਸ਼ਸਤਰੀਕਰਣ ਕੀਤਾ ਜਾਂਦਾ ਹੈ ਤਾਂ ਜੋ ਸੁਰੱਖਿਅਤ ਸੰਸਾਰ ਲਈ ਲਈ ਢੁੱਕਵਾਂ ਅਤੇ ਟਿਕਾਊ ਵਾਤਾਵਰਣ ਸਿਰਜਿਆ ਜਾ ਸਕੇ। ਅਹਿੰਸਾ, ਪਿਆਰ, ਹਮਦਰਦੀ, ਇੱਜ਼ਤ ਆਦਿ ਦੀ ਸਿਖਲਾਈ ਵਿਅਕਤੀ ਨੂੰ ਸ਼ਾਂਤੀਪੂਰਣ ਜੀਵਨ ਜਿਉਣ ਵੱਲ ਪ੍ਰੇਰਿਤ ਕਰਦੀ ਹੈ । ਸ਼ਾਂਤਮਾਈ ਜੀਵਨ ਲਈ ਸਿੱਖਿਆ ਹਮੇਸ਼ਾ ਸ਼ਾਂਤਮਈ ਜਿੰਦਗੀ ਜਿਉਣ ਵੱਲ ਪ੍ਰੇਰਿਤ ਕਰਦੀ ਹੈ ਅਤੇ ਵਿਕਲਪਾਂ ਦਾ ਗਿਆਨ ਪ੍ਰਦਾਨ ਕਰਨ ਵਾਲੇ ਸਮਾਜਿਕ ਢਾਂਚੇ ਨੂੰ ਬਚਾਉਂਦੀ ਹੈ। ਇਹ ਵਰਤਮਾਨ ਮਨੁੱਖੀ ਹਾਲਾਤਾਂ ਦਾ ਰੂਪਾਂਤਰਣ ਕਰਨ ਦੀ ਕੋਸ਼ਿਸ ਕਰਦੀ ਹੈ। ਸ਼ਾਂਤਮਈ ਜੀਵਨ ਲਈ ਸਿੱਖਿਆ ਹਰ ਪੱਧਰ ਤੇ ਸੰਭਵ ਹੈ। ਨਰਸਰੀ ਕਲਾਸ ਤੋਂ ਕਾਲਜ ਤੱਕ ਜਾਂ ਉਸ ਤੋ ਵੀ ਅੱਗੇ । ਸ਼ਾਂਤੀ ਦੀ ਧਾਰਨਾ ਨੂੰ ਵਿਕਸਿਤ ਕਰਨ ਲਈ ਸਿਖਲਾਈ ਕਿਰਿਆ ਵਿਚ ਸਿੱਖਿਆ ਦਾ ਵਿਸ਼ਾ-ਵਸਤੂ, ਸਿੱਖਿਆ ਦੇ ਸਾਧਨ ਅਤੇ ਅਧਿਆਪਕਾਂ, ਕਿਸ਼ੋਰਾਂ ਤੇ ਬਾਲਗਾ ਦੀ ਸਿਖਲਾਈ ਦਾ ਮੁੱਦਾ ਸ਼ਾਮਿਲ ਹੈ। ਸ਼ਾਂਤੀ ਦਾ ਸੱਭਿਆਚਾਰ ਸ਼ੁਰੂਆਤੀ ਉਮਰ ਦੌਰਾਨ ਹੀ ਕਲਾਸ ਵਿਚ ਹੋਣਾ ਬਹੁਤ ਜ਼ਰੂਰੀ ਹੈ । ਇਹ ਇਕ ਗਤੀਸ਼ੀਲ , ਲੰਬੀ ਅਤੇ ਜੀਵਨ ਭਰ ਚੱਲਣ ਵਾਲੀ ਪ੍ਰਕਿਰਿਆ ਹੈ ।

**2.3.4 ਸ਼ਾਂਤੀ ਦੀ ਧਾਰਨਾ :**

ਸ਼ਾਂਤੀ ਇਕ ਬਹੁਤ ਵਿਸ਼ਾਲ ਧਾਰਨਾ ਹੈ ਜਿਸ ਵਿਚ ਵਿਵਹਾਰਕ ਅਤੇ ਆਤਮਿਕ ਧਾਰਨਾ ਸ਼ਾਮਿਲ ਹੈ। ਇਸ ਦਾ ਮਤਲਬ ਅੰਤਰ ਸ਼ਾਂਤੀ ਅਤੇ ਝਗੜਿਆਂ ਦੇ ਖਾਤਮੇ ਦੀ ਅਵਸਥਾ ਹੈ । ਸ਼ਾਂਤੀ ਤੋ ਭਾਵ ਕਿਸੇ ਵੀ ਝਗੜਾ, ਕਲੇਸ਼ ਜਾਂ ਹਿੰਸਾ ਦਾ ਨਾ ਹੋਣਾ ਹੈ ਅਤੇ ਇਸ ਦੇ ਉਲਟ ਸਮਾਜ ਵਿਚਲੇ ਲੋਕਾਂ ਦੇ ਮਨਾਂ ਵਿਚ ਸੁਰੱਖਿਆ, ਖੁਸ਼ਹਾਲੀ ਅਤੇ ਸਮਝ ਦੀ ਭਾਵਨਾ ਦਾ ਹੋਣਾ ਹੈ । ਇਸ ਤਰਾਂ ਸ਼ਾਂਤੀ ਸਮਾਜ ਦੇ ਵਿਚਰਦੇ ਲੋਕਾਂ ਦੀ ਧਾਰਨਾ ਦੇ ਸਕਾਰਾਤਮਕ ਅਤੇ ਨਕਾਰਾਤਮਕ ਦੋਵੇ ਪਹਿਲੂ ਹਨ । ਨਕਾਰਾਤਮਕ ਵਿਚਾਰ ਅਨੁਸਾਰ ਹਿੰਸਾ ਦਾ ਨਾ ਹੋਣਾ ਅਤੇ ਸਕਾਰਾਤਮਕ ਵਿਚਾਰ ਅਨੁਸਾਰ ਨਿਆ ਦੇ ਮਾਪਦੰਡਾਂ ਦਾ ਪਾਲਣ, ਪ੍ਰਕਿਰਤੀ ਨਾਲ ਸਮਤੋਲ ਅਤੇ ਸਰਕਾਰ

ਵਿਚ ਨਾਗਰਿਕਾਂ ਨੂੰ ਮਹੱਤਵਪੂਰਨ ਸਥਾਨ ਦੇਣਾ ਸ਼ਾਮਿਲ ਹੈ । ਬਿਨਾ ਕਿਸੇ ਭੇਦ-ਭਾਵ ਦੇ ਹਰੇਕ ਨਾਗਰਿਕ ਦਾ ਸਨਮਾਨ ਕਰਨਾ, ਮਿਲਕੇ ਝਗੜਿਆਂ ਦਾ ਹੱਲ ਕਰਨਾ, ਨਿਆਂ ਦੇ ਮਾਪ ਦੰਡਾਂ ਦਾ ਆਦਰ ਕਰਨਾ, ਮੁੱਢਲੀਆਂ ਜ਼ਰੂਰਤਾਂ ਪੂਰੀਆਂ ਕਰਨਾ ਅਤੇ ਮਨੁੱਖੀ ਹੱਕਾਂ ਦਾ ਸਨਮਾਨ ਕਰਨਾ ਹੀ ਸ਼ਾਂਤੀ ਦੀ ਧਾਰਨਾ ਹੈ । ਸਬਰ, ਸਮਝ, ਸਹਿਯੋਗ, ਆਦਰ ਤੋ ਬਿਨਾਂ ਸ਼ਾਂਤੀ ਨਹੀਂ ਹੋ ਸਕਦੀ ਹੈ । ਇਸ ਲਈ ਸੰਸਾਰਕ ਪੱਧਰ, ਤੇ ਸ਼ਾਂਤੀ ਨੂੰ ਸਮਝਣ ਲਈ ਇਹ ਦੇਖਣਾ ਬਹੁਤ ਜ਼ਰੂਰੀ ਹੈ ਕਿ ਵਿਅਕਤੀਗਤ ਰਵੱਈਆ, ਕਦਰਾਂ-ਕੀਮਤਾਂ ਅਤੇ ਸਿੱਖਿਆਂ ਸ਼ਾਂਤੀ ਬਣਾਉਣ ਲਈ ਕਿਵੇ ਸਹਾਈ ਹਨ । ਇਸ ਲਈ ਸ਼ਾਂਤੀ ਦੀ ਸੱਭਿਅਤਾ ਦੇ ਪਹਿਲੂ ਸਮਝਨ ਦੀ ਲੋੜ ਹੈ। ਗ੍ਰੋਫ ਅਤੇ ਸਮੋਕਰ : ਅਨੁਸਾਰ ਸ਼ਾਂਤੀ ਦੀ ਸੱਭਿਅਤਾ ਦੇ ਹੇਠ ਪਹਿਲੂ ਹਨ।

**1. ਯੁੱਧ ਦੀ ਕਮੀ :** ਸ਼ਾਂਤੀ ਦੀ ਪ੍ਰਕਿਰਿਆ ਨਾਲ ਦੇਸ਼ਾ ਅਤੇ ਰਾਜਾਂ ਵਿਚਕਾਰ ਝਗੜੇ ਅਤੇ ਯੁੱਧ ਨਹੀ ਹੋਣਗੇ। ਇਸ ਨਾਲ ਲੋਕ ਬਿਨਾਂ ਕਿਸੇ ਡਰ ਤੋਂ ਜ਼ਿੰਦਗੀ ਨੂੰ ਜੀਅ ਸਕਣਗੇ।

**2. ਸ਼ਕਤੀ ਦਾ ਸਮਤੋਲ :** ਸ਼ਾਂਤੀ ਸ਼ਕਤੀ ਦਾ ਇਕ ਗਤੀਸ਼ੀਲ ਅਤੇ ਸੂਖਮ ਸਮਤੋਲ ਹੈ । ਇਹ ਰਾਜਨੀਤਿਕ, ਸਮਾਜਿਕ, ਸੱਭਿਆਚਾਰਕ ਅਤੇ ਤਕਨੀਕੀ ਤੱਥਾਂ ਵਿਚ ਬਰਾਬਰੀ ਹੈ। ਜੇਕਰ ਇਹ ਬਰਾਬਰੀ ਟੁੱਟੇਗੀ ਤਾ ਲੜਾਈ ਜਰੂਰ ਹੋਵੇਗੀ।

**3. ਨਕਾਰਾਤਮਕ ਅਤੇ ਸਕਾਰਾਤਮਕ ਸ਼ਾਂਤੀ :** ਗਾਲਟੁੰਗ ਦੁਆਰਾ ਸ਼ਾਂਤੀ ਦੀ ਸਮਝ ਨਕਾਰਾਤਮਕ ਸ਼ਾਂਤੀ ਭਾਵ ਸਰੀਰਕ ਹਿੰਸਾ ਨਾ ਹੋਣਾ ਅਤੇ ਸਕਾਰਾਤਮਕ ਸ਼ਾਂਤੀ ਭਾਵ ਸੰਰਚਨਾਤਮਕ ਸ਼ਾਂਤੀ ਤੋ ਹੈ । ਇਸ ਤੱਥ ਤੋਂ ਭਾਵ ਹੈ ਸ਼ਾਂਤੀ ਦੇ ਸੱਭਿਆਚਾਰ ਲਈ ਦੋਨਾਂ ਸ਼ਾਂਤੀਆ ਦਾ ਵਿਸਥਾਰ ਹੋਣਾ ਜ਼ਰੂਰੀ ਹੈ।

**4. ਨਾਰੀ-ਅਧਿਕਾਰਵਾਦੀ ਸ਼ਾਂਤੀ :** ਸ਼ਾਂਤੀ ਦੀ ਸੱਭਿਅਤਾ ਵਿਚ ਕਿਸੇ ਵਿਅਕਤੀ ਪ੍ਰਤੀ ਹਿੰਸਾ ਇਸਦਾ ਮਹੱਤਵਪੂਰਨ ਪੱਖ ਹੈ ਸ਼ਾਂਤੀ ਦੀ ਨਵੀਂ ਪਰਿਭਾਸ਼ਾ ਸਿਰਫ ਯੁੱਧ ਵਾਲੀ ਸ਼ਾਂਤੀ ਨਹੀ, ਸਗੋ ਛੋਟੇ ਪੱਧਰ ਤੇ ਅਸੰਗਠਿਤ ਹਿੰਸਾ ਜਿਵੇ ਬਲਾਤਕਾਰ, ਸ਼ੋਸਣ ਆਦਿ ਦੇ ਛੁਟਕਾਰੇ ਨਾਲ ਸੰਬਧਿਤ ਹੈ।

**5. ਪੂਰਣਤਾਵਾਦੀ ਅੰਦਰੂਨੀ ਅਤੇ ਬਾਹਰੀ ਸ਼ਾਂਤੀ :** ਇਹ ਮੰਨਿਆ ਜਾਂਦਾ ਹੈ ਕਿ ਸੰਸਾਰ ਮਨੁੱਖ ਦੀਆਂ ਅੰਦਰੂਨੀ ਭਾਵਨਾਵਾਂ ਦੀ ਤਰਜਮਾਨੀ ਹੈ । ਸਮਾਜ ਵਿਚ ਬਾਹਰੀ ਸ਼ਾਂਤੀ ਉਦੋ ਤੱਕ ਸੰਭਵ ਨਹੀ ਜਦੋ ਤੱਕ ਮਨੁੱਖ ਆਪਣੇ ਅੰਦਰ ਮਨ ਤੋ ਸ਼ਾਂਤ ਨਹੀ ਹੁੰਦਾ ।ਜੇਕਰ ਮਨੁੱਖ ਅੰਦਰੋ ਸ਼ਾਂਤ, ਖੁਸ਼ ਅਤੇ ਤਨਾਅਮੁਕਤ ਨਹੀ ਤਾਂ ਇਹ ਬਾਹਰੀ ਸ਼ਾਂਤੀ ਨਹੀਂ ਲਿਆ ਸਕਦਾ ।

### 2.3.5 ਸ਼ਾਂਤੀ ਲਈ ਸਿੱਖਿਆ ਦੀ ਧਾਰਨਾ :

**ਸ਼ਾਂਤੀ ਲਈ ਸਿੱਖਿਆ** ਦਾ ਮਤਲਬ ਸਿੱਖਿਆ ਦੀ ਦ੍ਰਿਸ਼ਟੀ ਤੋਂ ਸ਼ਾਂਤੀ ਬਣਾਉਣ ਲਈ ਸਹਿਯੋਗ ਦੇਣਾ ਹੈ। ਸ਼ਾਂਤੀ ਲਈ ਸਿੱਖਿਆ ਸਿਰਫ ਜਿਉਣ ਲਈ ਸਿੱਖਿਲਾਈ ਦੇਣਾ ਨਹੀ, ਸਗੋਂ ਜੀਵਨ ਦੀ ਸਿੱਖਿਆ ਹੈ। ਸ਼ਾਂਤੀ ਲ਼ਈ ਸਿੱਖਿਆ ਦਾ ਉਦੇਸ਼ ਹੈ ਮਨੁੱਖ ਨੂੰ ਕਦਰਾਂ-ਕੀਮਤਾਂ, ਹੁਨਰ ਅਤੇ ਰਵੱਈਏ ਨਾਲ ਭਰਪੂਰ ਬਣਾਉਣ ਤਾਂ ਜੋ ਉਹ ਦੂਸਰੇ ਨਾਲ ਸ਼ਾਂਤੀ ਤੇ ਪਿਆਰ ਨਲ ਰਹਿੰਦੇ ਹੋਏ ਸਮਾਜ ਵਿਚ ਸ਼ਾਂਤੀ ਸਥਾਪਿਤ ਕਰਕੇ ਇਕ ਜ਼ਿੰਮੇਵਾਰ ਨਾਗਰਿਕ ਦੀ ਤਰ੍ਹਾਂ ਰਹਿ ਸਕੇ। ਦੂਰਗਾਮੀ ਅਰਥਾਂ ਵਿਚ ਸ਼ਾਂਤੀ ਲਈ ਸਿੱਖਿਆ ਦਾ ਭਾਵ ਲੋਕਾਂ ਦਾ ਅਜਿਹਾ ਸਮੂਹ ਤਿਆਰ ਕਰਨਾ ਹੈ ਜੋ ਇਸ ਸੰਸਾਰ ਨੂੰ ਸ਼ਾਂਤੀ ਪ੍ਰਤੀ ਆਉਣ ਵਾਲੇ ਖਤਰਿਆਂ ਤੋਂ ਸਚੇਤ ਕਰੇ ਅਤੇ ਅਹਿੰਸਾ ਤੇ ਅਧਾਰਿਤ ਸਮਾਜ ਦੀ ਸਿਰਜਨਾ ਕਰੇ।

**ਬੈਟੀ ਰਿਅਰਡਨ** ਅਨੁਸਾਰ ਸ਼ਾਂਤੀ ਲਈ ਸਿੱਖਿਆ ਦਾ ਮਹੱਤਵਪੂਰਨ ਸਮਾਜਿਕ ਉਦੇਸ਼ ਮਨੁੱਖੀ ਹਾਲਾਤ ਨੂੰ ਸੋਚੇ ਹੋਏ ਸਮਾਜਿਕ ਢਾਂਚੇ ਅਤੇ ਪੈਟਰਨ ਵਿਚ ਤਬਦੀਲ ਦੁਆਰਾ ਸਹੀ ਦਿਸ਼ਾ ਵਿੱਚ ਬਦਲਣਾ ਹੈ । ਸਮਾਜਿਕ ਅਨਿਆਂ ਨੂੰ ਸ਼ਾਂਤੀ ਦਾ ਸੱਭਿਆਚਾਰ ਸਿਖਾ ਕੇ ਖਤਮ ਕੀਤਾ ਜਾ ਸਕਦਾ ਹੈ ਜਿਸ ਲਈ ਵਿਕਲਪੀ ਅਧਿਆਪਨ-ਸ਼ਾਸ਼ਤਰ ਢੰਗਾਂ ਦੀ ਲੋੜ ਹੈ ।

ਇਸ ਤਰਾਂ ਸ਼ਾਂਤੀ ਲਈ ਸਿੱਖਿਆ ਸ਼ਾਂਤੀ ਪਸੰਦ ਲੋਕਾਂ ਲਈ ਇੱਕ ਸ਼ਾਂਤੀ ਦਾ ਸੱਭਿਆਚਾਰ ਤਿਆਰ ਕਰਨਾ ਹੈ ਜਿਸ ਵਿਚ ਇਸ ਲਈ ਗਿਆਨ,ਹੁਨਰ,ਰਵੱਈਆ ਅਤੇ ਕਦਰਾਂ ਕੀਮਤਾਂ ਹੋਣ। ਸ਼ਾਂਤੀ ਲਈ ਸਿੱਖਿਆ ਦੋ-ਪੱਖੀ ਉਦੇਸ਼ ਹੈ :

- ਵਿਅਕਤੀਆਂ ਨੂੰ ਹਿੰਸਾ ਦੇ ਰਸਤੇ ਦੀ ਜਗ੍ਹਾਂ ਤੇ ਸ਼ਾਂਤੀ ਦਾ ਰਸਤਾ ਚੁਣਨ ਲਈ ਯੋਗ ਬਣਾਉਣਾ।
- ਉਹਨਾਂ ਨੂੰ ਸ਼ਾਂਤੀ ਦੇ ਉਪਭੋਗੀ ਨਹੀਂ , ਸਗੋ ਸ਼ਾਂਤੀ ਪੈਦਾ ਕਰਨ ਵਾਲੇ ਬਣਾਉਣਾ ।

**ਸ਼ਾਂਤੀ ਲਈ ਸਿੱਖਿਆ**, ਸਿੱਖਿਆ ਦਾ ਮੂਲ ਉਦੇਸ਼ ਹੈ ਜੋ ਵਿਅਕਤੀ ਦੇ ਸੰਪੂਰਨ ਵਿਕਾਸ ਨਾਲ ਸਬੰਧਿਤ ਹੈ । ਸ਼ਾਂਤੀ ਵਿਅਕਤੀਆਂ ਤੋ ਸ਼ੁਰੂ ਹੋ ਕੇ ਪਰਿਵਾਰ ਤੱਕ, ਸਮਾਜ ਤੱਕ , ਰਾਸ਼ਟਰ ਤੱਕ ਅਤੇ ਸੰਸਾਰ ਪੱਧਰ ਤੱਕ ਪਹੁੰਚਦੀ ਹੈ। ਸ਼ਾਂਤੀ ਦੇ ਸੱਭਿਆਚਾਰ ਨੂੰ ਵਧਾਉਣਾ ਇਕ ਦੋ ਧਾਰੀ ਰਣਨੀਤੀ ਹੈ। ਇਹ ਜ਼ਰੂਰੀ ਹੈ ਕਿ ਸਮਾਜ ਦੇ ਮੈਂਬਰ ਸ਼ਾਂਤੀ ਪ੍ਰਤੀ ਵਚਨਬੱਧ ਹੋਣ, ਪਰੰਤੂ ਉਸ ਦੇ ਨਾਲ-ਨਾਲ ਸਮੇਂ ਸਮਾਜਿਕ,ਆਰਥਿਕ, ਅਤੇ ਰਾਜਨੀਤਿਕ ਢਾਂਚਾ ਵੀ ਸ਼ਾਂਤੀ ਪ੍ਰਤੀ ਵਚਨਬੱਧ ਹੋਵੇ ।ਸ਼ਾਂਤੀ ਸਾਡੇ ਜੀਵਨ ਨੂੰ ਢਾਲਦੀ ਹੋਵੇ। ਸਿੱਖਿਆ ਦੋਨਾਂ ਰਣਨੀਤੀਆਂ ਲਈ ਬਹੁਤ ਪ੍ਰਭਾਵਸ਼ਾਲੀ ਹੈ। ਇਸ ਲਈ ਸਿੱਖਿਆ ਦਾ ਮੰਤਵ ਸਿਰਫ ਸੂਚਨਾ-ਗਿਆਨ ਨੂੰ ਇਕੱਠਾ ਕਰਨਾ ਨਹੀ, ਸਗੋ ਚਾਰੇ ਪਾਸੇ ਉਸ ਜਾਗਰੂਕਤਾ ਨੂੰ ਫੈਲਾਉਣਾ ਹੈ ਜੋ ਇਸ ਦਾ ਸਭ ਤੋ ਵਧੀਆ ਉਦੇਸ਼ ਹੈ ।

**2.3.6 ਸ਼ਾਂਤੀ ਸਿੱਖਿਆ ਦੀ ਧਾਰਨਾ :**

ਗੁਣਾਤਮਕ ਸਿੱਖਿਆ ਲਈ ਸ਼ਾਂਤੀ ਸਿੱਖਿਆ ਇਕ ਅਹਿਮ ਉਦੇਸ਼ ਹੈ । ਸ਼ਾਂਤੀ ਸਿੱਖਿਆ ਪਾਠਕ੍ਰਮ ਵਿਚ ਇੱਕ ਅਜਿਹਾ ਵਿਸ਼ਾ ਹੈ ਜੋ ਸਿੱਖਿਅਕਾਂ ਨੂੰ ਸੰਸਾਰ ਵਿਚ ਆਪਸੀ ਸਮਝ,ਸਹਿਨਸ਼ੀਲਤਾ ਅਤੇ ਭਲਾਈ ਦੇ ਹੁਨਰ ਅਤੇ ਪ੍ਰਕਿਰਿਆਵਾਂ ਨੂੰ ਜਾਗਰੂਕ ਕਰਨ ਵਿਚ ਮਦੱਦ ਕਰਦਾ ਹੈ।ਇਹ ਆਪਣੀਆਂ ਭਿੰਨਤਾਵਾਂ ਅਤੇ ਸੱਭਿਆਚਾਰਕ ਅੰਤਰ ਪ੍ਰਤੀ ਸਾਡੀਆਂ ਕਦਰਾਂ-ਕੀਮਤਾਂ ਅਤੇ ਰਵੱਈਏ ਨੂੰ ਪਰਖਦੀ ਹੈ ਅਤੇ ਸਮਾਜ ਵਿਚ ਸਿਧਾਂਤਕ ਤਬਦੀਲੀਆ ਵੱਲ ਕਦਮ ਪੁੱਟਦੀ ਹੈ । ਇਹ ਲੋਕਾਂ, ਰਾਸ਼ਟਰ,ਕੁਦਰਤੀ ਵਾਤਾਵਰਨ ਅਤੇ ਮਨੁੱਖਾਂ ਵਿਚਕਾਰ ਸ਼ਾਂਤੀਪੂਰਨ ਸਬੰਧ ਵਿਚ ਵਿਕਸਿਤ ਲਈ ਭਾਸ਼ਾ ਅਤੇ ਸਮਾਜਿਕ ਤਾਲਮੇਲ ਵਿਕਸਿਤ ਕਰਦੀ ਹੈ ।

**ਆਰ.ਪੀ.ਲੈਇੰਗ** ਅਨੁਸਾਰ ਸ਼ਾਂਤੀ ਸਿੱਖਿਆ ਅਤੇ ਸੰਸਾਰਿਕ ਅਤੇ ਰਾਸ਼ਟਰੀ ਪੱਧਰ ਤੋ ਸਥਾਨਕ ਅਤੇ ਵਿਅਕਤੀਗਤ ਪੱਧਰ ਤੱਕ ਸਮੱਸਿਆਵਾਂ ਅਤੇ ਫੈਲੀ ਹਿੰਸਾ ਨੂੰ ਖਤਮ ਕਰਨ ਦੀ ਇੱਕ ਕੋਸ਼ਿਸ਼ ਹੈ । ਇਹ ਚਿਰਸਥਾਈ ਅਤੇ ਸ਼ਾਂਤੀਪੂਰਕ ਭਵਿੱਖ ਨੂੰ ਬਣਾਉਣ ਲਈ ਰਸਤਿਆ ਦੀ ਖੋਜ ਹੈ ।ਸ਼ਾਂਤੀ ਸਿੱਖਿਆ ਲਈ ਕੁੱਝ ਲੋੜੀਂਦੇ ਸਿਧਾਂਤ ਹੇਠ ਲਿਖੇ ਹਨ ।

**ਸ਼ਾਂਤੀ ਸਿੱਖਿਆ ਦੇ ਸਿਧਾਂਤ :**

**1. ਹਮਦਰਦੀ, ਸਹਿਯੋਗ ਅਤੇ ਹੋਂਦ :** ਸਿੱਖਿਆਰਥੀਆਂ ਲਈ ਹਮਦਰਦੀ, ਸਹਿਯੋਗ ਅਤੇ ਸਹਿ ਅਸਤਿੱਤਵ ਪ੍ਰੇਰਣਾ ਦੇ ਮੁੱਖ ਸ੍ਰੋਤ ਹਨ। ਸ਼ਾਂਤੀ ਸਿੱਖਿਆ ਵਿਚ ਬੱਚੇ ਵਿੱਚ ਇਹਨਾਂ ਗੁਣਾਂ ਨੂੰ ਭਰਿਆ ਜਾਵੇ ਤਾਂ ਜੋ ਸਮਾਜ, ਲੋਕਾਂ ਪ੍ਰਤੀ ਆਪਣਾ ਦ੍ਰਿਸ਼ਟੀਕੋਣ ਸਹੀ ਤਰੀਕੇ ਨਾਲ ਬਣਾ ਸਕੇ ।

**2. ਕੋਰਸ, ਵਿਸ਼ਾ ਅਤੇ ਸੰਵਾਦ :** ਅਸੀਂ ਕੀ ਸਿੱਖਦੇ ਹਾਂ ਉਨਾਂ ਹੀ ਮਹੱਤਵਪੂਰਨ ਹੈ ਜਿੰਨਾ ਅਸੀ ਕਿਵੇ ਸਿੱਖਦੇ ਹਾ ਮੱਹਤਵਪੂਰਣ ਹੈ।ਜਿੰਦਗੀ ਦੀਆਂ ਸਥਿਤੀਆਂ ਅਤੇ ਸਮੱਸਿਆਵਾਂ ਨੂੰ ਅਸੀਂ ਕਿਸ ਨਜ਼ਰੀਏ ਨਾਲ ਦੇਖਦੇ ਹਾਂ, ਇਹ ਸਭ ਸਾਡੇ ਕੋਰਸ ਅਤੇ ਸਿੱਖਣ ਤੋ ਪਤਾ ਚਲਦਾ ਹੈ। ਸਿੱਖਿਆ ਵਿਚ ਕੋਰਸ ਅਤੇ ਵਿਸ਼ਾ ਸੱਚਾਈ ਤੋ ਦੂਰ ਅਤੇ ਕਲਪਾਨਾਵਾਂ ਉਪਰ ਅਧਾਰਿਤ ਨਹੀ ਹੋਣਾ ਚਾਹੀਦਾ , ਸਗੋਂ ਅਸਲ ਜ਼ਿੰਦਗੀ ਆਧਾਰਿਤ ਅਤੇ ਅਸਲੀਅਤ ਨਾਲ ਜੁੜਿਆ ਹੋਣਾ ਚਾਹੀਦਾ ਹੈ

**3. ਚਿੰਤਨ ਅਤੇ ਸਵੈ-ਗਿਆਨ :** ਚਿੰਤਨ ਅਤੇ ਸਵੈ-ਗਿਆਨ ਸਾਡੀ ਸਿੱਖਿਆ ਪ੍ਰਣਾਲੀ ਤੇ ਸਵਾਲ ਉਠਾਉਂਦਾ ਹੈ ਜੋ ਮਨੁੱਖ ਨੂੰ ਮਨੁੱਖੀ ਪੂੰਜੀ ਤੋਂ ਜ਼ਿਆਦਾ ਕੁੱਝ ਨਹੀ ਸਮਝਦੀ ਇਹ ਪੱਖ ਸਾਡੀ ਸਿੱਖਿਆ ਪ੍ਰਣਾਲੀ ਵਿਚੋਂ ਗਾਇਬ ਹੈ । ਸਵੈ-ਗਿਆਨ ਵਿਅਕਤੀ ਦਾ ਅਜਿਹਾ ਪੱਖ ਹੈ ਜੋ ਉਸਨੂੰ ਸਮਾਜ ਵਿਚ ਮਜਬੂਤ ਸਬੰਧ ਬਣਾਉਣ ਵਿਚ ਕੰਮ ਆਉਂਦਾ ਹੈ।ਇਹ ਸਿੱਖਿਆ ਪ੍ਰਣਾਲੀ ਦੀ ਪ੍ਰਥਮਿਕਤਾ ਹੈ ਜੋ ਮਨੁੱਖੀ ਪੂੰਜੀ ਬਣਾਉਣ ਵੱਲ ਵੱਧ ਰਹੀ

ਹੈ।ਇਸ ਦਾ ਮਕਸਦ ਸਿਰਫ ਸਮੱਸਿਆਵਾਂ ਹੱਲ ਕਰਨਾ ਨਹੀਂ ਸਗੋਂ ਕੁੱਝ ਨਵੀਨ ਰਚਨਾ ਕਰਨ ਦੇ ਯੋਗ ਹੋਣਾ ਵੀ ਹੈ ।

**4. ਪੂਰਣਤਾ :** ਸਮਾਜ ਦੇ ਸਾਰੇ ਮੁੱਦੇ ਬਹੁਪੱਖੀ, ਗਤੀਸ਼ੀਲ ਅਤੇ ਅੰਤਰ ਸਬੰਧਿਤ ਹਨ। ਪੂਰਣ ਦ੍ਰਿਸ਼ਟੀ ਸਾਨੂੰ ਅਲੱਗ ਅਲੱਗ ਮੁੱਦਿਆ ਵਿਚ ਗੁੰਝਲਦਾਰ ਸਬੰਧਾਂ ਨੂੰ ਦੇਖਣਾ ਸਿਖਾਉਂਦਾ ਹੈ। ਪੂਰਨ ਦ੍ਰਿਸ਼ਟੀ ਸਮੇ ਕਾਲੇ (ਭੂਤਕਾਲ, ਵਰਤਮਾਨ ਅਤੇ ਭਵਿੱਖ ਕਾਲ ਨਾਲ ਸਬੰਧਤ ਤੱਥ) ਅਤੇ ਸਥਾਨ (ਸੂਖਮ ਤੋ ਵੱਡੇ )ਅਤੇ ਸਮਾਜ ਦੇ ਅਲੱਗ ਅਲੱਗ ਸਮੂਹ ਵਿਚਕਾਰ ਸਬੰਧ ਦੇ ਮੁੱਦਿਆ ਨੂੰ ਦਰਸਾਉਦੀ ਹੈ ।

**5. ਕਦਰਾਂ-ਕੀਮਤਾਂ ਦੀ ਉੱਤਪਤੀ :** ਸਿੱਖਿਆ ਕਦੇ ਵੀ ਕਦਰਾਂ ਤੋ ਵਾਝੀ ਨਹੀ ਹੁੰਦੀ। ਸ਼ਾਂਤੀ ਸਿੱਖਿਆ ਅਧੀਨ ਸਾਰੀਆ ਸਿੱਖਿਆ ਸੰਸਥਾਵਾਂ ਵਿਚ ਕਦਰਾਂ ਕੀਮਤਾਂ ਜਿਵੇ ਦਿਆਲਤਾ, ਹਮਦਰਦੀ, ਨਿਆਂ ਸਮਾਨਤਾ, ਸੁੰਦਰਤਾ, ਜ਼ਿੰਦਗੀ ਦੀ ਕੀਮਤ, ਉਮੀਦ, ਅਹਿੰਸਾ ਆਦਿ ਸਿਖਾਏ ਜਾਂਦੇ ਹਨ ।

**6. ਮਹੱਤਵਪੂਰਨ ਸ਼ਸ਼ਕਤੀਕਰਨ :** ਇਸ ਸਿਧਾਂਤ ਰਾਹੀ ਸਿੱਖਿਆਰਥੀ ਨੂੰ ਸਮੱਸਿਆਵਾ ਮੁਸ਼ਕਿਲਾ ਦੀ ਡੂੰਘੀ ਸਮਝ ਹੀ ਨਹੀ ਹੁੰਦੀ , ਸਗੋਂ ਉਸ ਅੰਦਰ ਇਹਨਾ ਨੂੰ ਹੱਲ ਕਰਨ ਲਈ ਜ਼ਰੂਰੀ ਕਾਰਵਾਈ ਕਰਨ ਦੀ ਸ਼ਕਤੀ ਵੀ ਹੁੰਦੀ ਹੈ। ਇਸ ਅਧੀਨ ਅਣਉਚਿਤ ਸ਼ਕਤੀ ਸਬੰਧਾ ਦੀ ਪ੍ਰਣਾਲੀ ਅੰਦਰ ਸ਼ਕਤੀ ਦੀ ਸਮਝ ਸ਼ਾਮਲ ਹੈ। ਸ਼ਸ਼ਕਤੀਕਰਨ ਇਸ ਪ੍ਰਣਾਲੀ ਦੇ ਪੁਨਰ-ਨਿਰਮਾਣ ਰਾਹੀ ਜ਼ਿਆਦਾ ਸਮਾਨ ਸੰਬੰਧਾਂ ਦਾ ਨਿਰਮਾਣ ਕਰਦਾ ਹੈ ।

**2.3.7 ਸ਼ਾਂਤੀ ਸਿੱਖਿਆ ਦੀ ਜ਼ਰੂਰਤ :**

ਅਜੋਕੇ ਸਮੇ ਵਿਚ ਮਨੁੱਖਤਾ ਨੂੰ ਕਈ ਤਰਾਂ ਦੀਆ ਅਭੂਤਪੂਰਵ ਚੁਣੋਤੀਆ ਜਿਵੇ ਵਿਨਾਸ਼ਕਾਰੀ ਹਥਿਆਰਾਂ ਦਾ ਵਿਸਥਾਰ, ਰਾਜਾਂ ਅਤੇ ਨਸਲੀ ਸਮੂਹਾਂ ਵਿਚਕਾਰ ਝਗੜੇ, ਜਾਤ-ਪਾਤ, ਸਮੁਦਾਇਕ, ਹਿੰਸਾ, ਵਿਸ਼ਵ ਪੱਧਰ ਉੱਤੇ ਅਮੀਰੀ-ਗਰੀਬੀ ਦਾ ਵੱਧ ਰਿਹਾ ਅੰਤਰ, ਮਨੁੱਖੀ ਹੱਕਾਂ ਦਾ ਉਲੰਘਣ ਅਤੇ ਵਾਤਾਵਰਣ ਦੀ ਦੁਰਦਸ਼ਾ ਆਦਿ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਇਹ ਸ਼ਾਂਤਮਈ ਸੰਸਾਰ ਬਣਾਉਣ ਵਿਚ ਵੱਡੀ ਰੁਕਾਵਟ ਪੈਦਾ ਕਰਦੀਆ ਹਨ । ਸ਼ਾਂਤੀ ਸਿੱਖਿਆ ਦਾ ਮੁੱਖ ਉਦੇਸ਼ ਮਨੁੱਖੀ ਸੁਰੱਖਿਆ ਉਤੇ ਕੇਂਦਰਿਤ ਹੈ ਅਤੇ ਇਹ ਸਿਖਾਉਦਾ ਹੈ ਕਿ ਭਿੰਨਤਾਵਾਂ ਨਾਲ ਭਰੇ ਸੰਸਾਰ ਵਿਚ ਕਿਵੇ ਰਹਿਣਾ ਹੈ ।ਸ਼ਾਂਤੀ ਸਿੱਖਿਆ ਦੀ ਮੁੰਹਿਮ ਇਸ ਦਾ ਸਭ ਤੋ ਵਧੀਆ ਹੱਲ ਹੈ ਕਿਉਂਕਿ ਇਸ ਨਾਲ ਆਲੋਚਨਾਤਮਕ ਸੋਚ ਨੂੰ ਹੋਂਸਲਾ ਮਿਲਦਾ ਹੈ ਅਤੇ ਸਿਖਆਰਥੀ ਆਪਣੇ ਵਿਸ਼ਵਾਸ ਉੱਤੇ ਦ੍ਰਿੜ ਰਹਿਣਾ ਸਿੱਖਦਾ ਹੈ। ਸ਼ਾਂਤੀ ਸਿੱਖਿਆ ਹੇਠ ਲਿਖੇ ਕਾਰਨਾ ਕਰਕੇ ਲੋੜੀਂਦੀ ਹੈ ।

**1. ਸ਼ਾਂਤਮਈ ਜੀਵਨ ਪ੍ਰਤੀ ਜਾਗਰੂਕ ਕਰਣ ਲਈ :** ਸਿੱਖਿਆਰਥੀ ਨੂੰ ਦੈਨਿਕ ਜੀਵਨ ਦੇ ਦਵੰਦਾਂ ਦੇ ਅਧਾਰ ਬਾਰੇ ਜਾਗਰੂਕ ਕਰਨ ਲਈ ਸ਼ਾਂਤੀ ਸਿੱਖਿਆ ਦੀ ਲੋੜ ਪੈਂਦੀ ਹੈ ਤਾਂ ਜੋ ਉਹ ਸ਼ਾਤਮਈ ਜੀਵਨ ਵਤੀਤ ਕਰ ਸਕਣ।

**2. ਕੀਮਤਾਂ ਦੀ ਸਿਖਲਾਈ ਅਤੇ ਅਭਿਆਸ :** ਕਲਾਸ ਨੂੰ ਸੰਸਾਰ ਦੇ ਇਕ ਸੂਖਮ ਰੂਪ ਦੀ ਤਰਾਂ ਵਰਤਣਾ ਜਿਸ ਵਿਚ ਸਕਾਰਾਤਮਕ ਅੰਤਰ ਨਿਰਭਰਤਾ ਦੀਆ ਸੰਸਾਰਿਕ ਕੀਮਤਾਂ, ਸਮਾਜਿਕ ਨਿਆ ਅਤੇ ਫੈਸਲਾ ਲੈਣ ਵਿਚ ਪਹਿਲਾਕਦਮੀ ਆਦਿ ਕੀਮਤਾਂ ਸਿਖਲਾਈਆਂ ਅਤੇ ਅਭਿਆਸ ਕਰਵਾਈਆਂ ਜਾਣ ।

**3. ਰਾਜਨੀਤਿਕ ਸਹਾਇਤਾ :** ਦੇਸ਼ ਦੇ ਸਾਰੇ ਸਕੂਲਾਂ ਵਿਚ ਸਿੱਖਿਆ ਦੇ ਸਾਰੇ ਖੇਤਰਾਂ ਅਤੇ ਗੈਰ ਰਸਮੀ ਸਿੱਖਿਆਂ ਵਿਚ ਸ਼ਾਂਤੀ ਸਿੱਖਿਆ ਦੀ ਸ਼ੁਰੂਆਤ ਲਈ ਨਾਗਰਿਕ ਜਾਗਰੂਕਤਾ ਅਤੇ ਰਾਜਨੀਤਿਕ ਸਹਾਇਤ ਪੈਦਾ ਕਰਨੀ ।

**4. ਸਾਰਿਆਂ ਦੀ ਭਾਗੀਦਾਰੀ ਲਈ :** ਸਾਰੇ ਨੇਤਾਵਾਂ, ਅਧਿਆਪਕਾਂ ਅਤੇ ਭਾਗੀਦਾਰਾਂ ਦੀ ਸਿੱਖਿਆ ਦਾ ਵਿਸਥਾਰ ਕਰਕੇ ਸ਼ਾਂਤੀ ਦਾ ਸਮਰਥਨ ਕਰਨ ਲਈ ਇਹ ਸਿੱਖਿਆ ਲੌੜੀਂਦੀ ਹੈ।

**5. ਕੌਸ਼ਲ ਵਿਕਸਿਤ ਕਰਨ ਲਈ :** ਵਿਦਿਆਰਥੀ ਅੰਦਰ ਅੰਤਰਕਿਰਿਆ ਦੇ ਹਰੇਕ ਪੱਧਰ ਉਪਰ ਸ਼ਾਂਤੀ ਅਤੇ ਮਨੁੱਖੀ ਗੋਰਵ ਦੇ ਕੌਸ਼ਲ ਵਿਕਸਤ ਕਰਕੇ ਉਸਨੂੰ ਇਕ ਚੰਗੇ ਨਾਗਰਿਕ ਵਜੋਂ ਤਿਆਰ ਕਰਨ ਲਈ ਇਹ ਸਿੱਖਿਆ ਲੋੜੀਂਦੀ ਹੈ।

**6. ਅੰਤਰ ਰਾਸ਼ਟਰੀ ਸੰਬੰਧਾਂ ਨੂੰ ਸਮਝਣ ਲਈ :** ਸਾਨੂੰ ਆਪਣੇ ਲਈ, ਦੂਸਰਿਆਂ ਨਾਲ ਆਪਣੇ ਸਬੰਧਾਂ ਲਈ, ਇਕ ਦੂਜੇ ਦੇ ਮਾਨ ਸਤਿਕਾਰ ਲਈ, ਸਮਾਜਿਕ ਪੱਧਰ ਤੇ ਹਿੰਸਾ ਤੋਂ ਬਚਣ ਲਈ ਅਤੇ ਲੋਕਾਂ ਦੀ ਚੇਤਨਸੀਲਤਾ ਨੂੰ ਉਹਨਾਂ ਦੇ ਹੱਕਾਂ ਪ੍ਰਤੀ ਜਾਗਰੂਕ ਕਰਨ ਲਈ, ਅੰਤਰਰਾਸ਼ਟਰੀ ਸਬੰਧਾਂ ਨੂੰ ਸਮਝਣ ਲਈ ਸ਼ਾਂਤੀ ਸਿੱਖਿਆ ਦੀ ਜ਼ਰੂਰਤ ਹੈ ।

**7. ਸ਼ਾਂਤੀ ਦੇ ਸੱਭਿਆਚਾਰ ਵਿੱਚ ਵਿਸ਼ਵਾਸ ਲਈ :** ਸ਼ਾਂਤੀ ਸਿੱਖਿਆ ਸ਼ਾਂਤੀ ਦੇ ਸਭਿਆਚਾਰ ਦੇ ਸਿਧਾਂਤਾਂ ਪ੍ਰਤੀ ਲੋਕਾ ਦੀ ਜਾਗਰੂਕਤਾਂ ਨੂੰ ਵਧਾਉਣ ਵਿਚ ਮੱਦਦ ਕਰਦੀ ਹੈ ਅਤੇ ਲੋਕਾਂ ਦੇ ਹੱਕਾਂ ਨੂੰ ਮਜ਼ਬੂਤੀ ਦੇਣ ਅਤੇ ਉਹਨਾਂ ਦੇ ਵਿਸ਼ਵਾਸ ਨੂੰ ਵਧਾਉਣ ਵਿਚ ਵੀ ਮੱਦਦ ਕਰਦੀ ਹੈ ।

ਇਸ ਤਰਾਂ ਸ਼ਾਂਤੀ ਸਿੱਖਿਆ, ਪਰਿਵਾਰ, ਸਕੂਲ, ਕੰਮ ਦੇ ਸਥਾਨ ਅਤੇ ਹੋਰ ਅਦਾਰਿਆ ਵਿਚ ਅਹਿੰਸਾ ਦੇ ਸਾਧਨਾ ਨੂੰ ਸਥਾਪਿਤ ਕਰਨ, ਝਗੜਿਆਂ ਨੂੰ ਸ਼ਾਤਮਈ ਤਰੀਕੇ ਨਾਲ ਹੱਲ ਕਰਨਾ ਆਦਿ ਲਈ ਜ਼ਰੂਰੀ ਹੈ ਤਾਂ ਜੋ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਵਧੀਆ ਮਾਹੋਲ ਬਣਿਆ ਰਹੇ । ਸਕੂਲ ਅਧਾਰਿਤ ਅਨੁਦੇਸ਼ਾਂ ਦੇ ਸ਼ਾਂਤੀ ਪ੍ਰੋਗਰਾਮਾਂ ਦੇ ਕੇਂਦਰ ਅਨੁਸਾਰ ਸਕੂਲ ਆਧਾਰਤ ਸਿੱਖਿਆ ਵਿਚ ਅਧਿਆਪਕਾਂ ਨੂੰ ਸ਼ਸਕਤ ਕਰਨਾ, ਸਿਲੇਬਸ ਵਿਚ ਬਦਲਾਅ ਅਤੇ ਜ਼ਰੂਰੀ ਸਾਧਨ ਉੱਤੇ ਜ਼ੋਰ ਦੇਣਾ ਪਵੇਗਾ ।

**2.3.8 ਸਿੱਖਿਆ ਦੀ ਰਚਨਾਤਮਿਕ ਭੂਮਿਕਾ :**

ਸਿੱਖਿਆ ਦਾ ਕਾਰਜ ਭਾਵਨਾਵਾਂ ਨੂੰ ਅਨੁਸ਼ਾਸ਼ਿਤ ਕਰਨਾ, ਸੰਵੇਗਾਂ ਤੇ ਨਿਯੰਤਰਣ, ਪ੍ਰੇਰਨਾ ਨੂੰ ਹੱਲਾਸ਼ੇਰੀ ਦੇਣਾ ਅਤੇ ਧਾਰਮਿਕ ਮਨੋਭਾਵਾਂ ਨੂੰ ਵਿਕਸਿਤ ਕਰਨਾ ਹੈ।ਜਾਨ ਡੇਵੀ ਅਨੁਸਾਰ ਸਿੱਖਿਆ ਦਾ ਕੰਮ ਇਕ ਛੋਟੇ ਅਸਹਾਇ ਜਾਨਵਰ ਨੂੰ ਖੁਸ਼ਹਾਲ, ਨੈਤਿਕ ਅਤੇ ਸਮਰੱਥ ਇਨਸਾਨ ਬਣਾਉਣਾ ਹੈ। ਸਿੱਖਿਆ ਦੀ ਸ਼ਾਂਤਮਈ ਜੀਵਨ ਲਈ ਭੂਮਿਕਾ ਹੇਠ ਲਿਖੇ ਅਨੁਸਾਰ ਹੈ।

**1. ਜਮਾਂਦਰੂ ਸ਼ਕਤੀਆਂ ਦਾ ਪ੍ਰਗਤੀਸ਼ੀਲ ਵਿਕਾਸ :** ਹਰੇਕ ਬੱਚੇ ਵਿਚ ਜਨਮ ਤੋ ਹੀ ਕੁਦਰਤੀ ਭਾਵਨਾਵਾਂ ਜਿਵੇ ਪਿਆਰ, ਮੋਹ, ਉਤਸੁਤਕਤਾ, ਕਲਪਨਾ ਅਤੇ ਆਤਮ-ਸਨਮਾਨ ਆਦਿ ਹੁੰਦੀਆ ਹਨ। ਲੱਗਭਗ ਸਾਰੀਆ ਸਿੱਖਿਆਵਾ ਇਸ ਗੱਲ ਤੇ ਸਹਿਮਤ ਹਨ ਕਿ ਸਿੱਖਿਆ ਦਾ ਪਹਿਲਾ ਕੰਮ ਇਹਨਾ ਜਮਾਂਦਰੂ ਸਮਰੱਥਾਵਾਂ ਨੂੰ ਵਿਕਸਿਤ ਕਰਨਾ ਹੈ।ਪੈਸਟਾਲੋਜੀ ਅਨੁਸਾਰ ਸਿੱਖਿਆ ਇਕ ਮਨੁੱਖ ਦੀਆਂ ਜਮਾਂਦਰੂ ਸ਼ਕਤੀਆਂ ਦਾ ਪ੍ਰਾਕ੍ਰਿਤਕ, ਸੁਡੋਲ ਅਤੇ ਪ੍ਰਗਤੀਸ਼ੀਲ ਵਿਕਾਸ ਹੈ।

**2. ਸ਼ਖਸ਼ੀਅਤ ਦਾ ਸਰਵਪੱਖੀ ਵਿਕਾਸ :** ਸਿੱਖਿਆ ਦਾ ਦੂਜਾ ਮਹੱਤਵਪੂਰਨ ਕੰਮ ਵਿਅਕਤੀ ਦੀ ਸ਼ਖਸ਼ੀਅਤ ਦਾ ਸੰਪੂਰਨ ਵਿਕਾਸ ਕਰਨਾ ਹੈ। ਇਸ ਵਿਕਾਸ ਨਾਲ ਉੱਚ ਵਿਚਾਰ, ਜਿਵੇਂ ਸੱਚਾਈ, ਸੁੰਦਰਤਾ, ਦਿਆਲਤਾ ਆਦੀ ਜਨਮ ਲੈਂਦੇ ਹਨ ਜਿਸ ਨਾਲ ਮਨੁੱਖ ਸਵੈ ਦਾ ਬੋਧ ਹਾਸਿਲ ਕਰਦਾ ਹੈ।ਕਿਸੇ ਵਿਅਕਤੀ ਦੀ ਸ੍ਹਖਸ਼ੀਅਤ ਦੇ ਸੰਪੂਰਨ ਵਿਕਾਸ ਵਿਚ ਸਰੀਰਕ, ਮਾਨਸਿਕ, ਸੰਵੇਗਾਤਮਕ ਅਤੇ ਸਮਾਜਿਕ ਵਿਕਾਸ ਸ਼ਾਮਿਲ ਹੈ ਜੇ ਕੋਈ ਵੀ ਪੱਖ ਅਵਿਕਸਿਤ ਰਹਿ ਜਾਵੇ ਤਾ ਵਿਅਕਤੀ ਸੰਪੂਰਨ ਨਹੀ ਹੋ ਸਕੇਗਾ ਅਤੇ ਉਹ ਸ਼ਾਂਤੀਪੂਰਨ ਜੀਵਨ ਨਿਰਵਾਹ ਨਹੀ ਕਰ ਪਾਵੇਗਾ ।

**3. ਪ੍ਰਵਿਰਤੀਆਂ ਦਾ ਨਿਯੰਤਰਨ, ਪੁਨਰ-ਨਿਰਦੇਸ਼ ਅਤੇ ਉਦਾਤੀਕਰਨ :** ਮੈਕਡਗਲ ਅਨੁਸਾਰ, ਇੱਕ ਬੱਚਾ ਕੁੱਝ ਮੁਲਭੂਤ ਪ੍ਰਵਿਰਤੀਆਂ ਲੈ ਕੇ ਪੈਦਾ ਹੁੰਦਾ ਹੈ। ਇਹ ਪ੍ਰਵਿਰਤੀਆਂ ਉਸ ਦੀਆ ਜੀਵਨ ਕਿਰਿਆਵਾਂ ਨੂੰ ਨਿਰਦੇਸ਼ਤ ਕਰਦੀਆਂ ਅਤੇ ਬਦਲਦੀਆਂ ਹਨ ਇੱਕ ਜਾਨਵਰ ਵਿੱਚ ਇਹਨਾਂ ਮੂਲ ਪ੍ਰਵਿਰਤੀਆਂ ਵਿਚ ਕੋਈ ਬਦਲਾਅ ਨਹੀ ਹੁੰਦਾ ਕਿਉਂਕਿ ਇਕ ਜਾਨਵਰ ਕੁੱਝ ਵੀ ਸੋਚਣ ਅਤੇ ਤਰਕ ਵਿਵਾਦ ਤੋ ਅਸਮੱਰਥ ਹੁੰਦਾ ਹੈ। ਦੂਜੇ ਪਾਸੇ ਇੱਕ ਮਨੁੱਖ ਵਿਚ ਸੋਚਣ ਦੀ ਤਰਕ ਕਰਨ ਦੀ, ਯਾਦ ਰੱਖਣ ਅਤੇ ਫੈਸਲਾ ਲੈਣ ਦੀ ਸ਼ਕਤੀ ਹੁੰਦੀ ਹੈ।ਇਹਨਾ ਮਾਨਸਿਕ ਸ਼ਕਤੀਆਂ ਕਾਰਨ ਉਸਦੀਆਂ ਪ੍ਰਵਿਰਤੀਆਂ ਨੂੰ ਪੁਨਰ ਨਿਰਦੇਸ਼ਿਤ ਅਤੇ ਉਦਾਰੀਕਰਨ ਕਰਕੇ ਉਸਦੇ ਵਿਵਹਾਰ ਵਿਚ ਸਮਾਜਿਕ ਤੌਰ ਤੇ ਲੋੜੀਦੇ ਬਦਲਾਅ ਲਿਆਂਦੇ ਜਾ ਸਕਦੇ ਹਨ। ਇਸ ਨਾਲ ਵਿਅਕਤੀ ਅਤੇ ਸਮਾਜ ਦੇ ਕਲਿਆਣ ਲਈ ਉਸ ਦੀਆਂ ਭਾਵਨਾਵਾਂ ਆਪਣੀ ਇੱਛਾ ਨਾਲ ਜਿੰਦਗੀ ਦੇ ਉੱਚੇ ਮੁਕਾਮ ਵੱਲ ਵੱਧਦੀਆਂ ਹਨ ਜਿਸ ਨਾਲ ਉਹ ਸ਼ਾਂਤੀਪੂਰਨ ਜੀਵਨ ਵਤੀਤ ਕਰਦਾ ਹੈ ।

**4. ਚਰਿੱਤਰ ਨਿਰਮਾਣ ਅਤੇ ਨੈਤਿਕ ਵਿਕਾਸ :** ਸਿੱਖਿਆ ਦਾ ਇਕ ਮਹੱਤਵਪੂਰਨ ਕੰਮ ਵਿਅਕਤੀ ਵਿਚ ਨੈਤਿਕ ਗੁਣਾਂ ਦਾ ਵਿਕਾਸ ਅਤੇ ਉਸਦੇ ਚਰਿੱਤਰ ਦਾ ਨਿਰਮਾਣ ਕਰਨਾ ਹੈ। ਚਰਿੱਤਰ ਦਾ ਨਿਰਮਾਣ ਮੁਲਭੂਤ ਪ੍ਰਵਿਰਤੀਆਂ ਰਾਹੀ ਹੀ ਹੁੰਦਾ ਹੈ। ਸ਼ੁਰੂ ਵਿਚ ਇਹ ਪ੍ਰਵਿਰਤੀਆਂ ਨਾ ਚੰਗੀਆਂ ਹੁੰਦੀਆਂ ਹਨ ਅਤੇ ਨਾ ਹੀ ਮਾੜੀਆਂ। ਚੰਗਿਆਈ ਜਾਂ ਬੁਰਾਈ ਇਹਨਾ ਦੀ ਉੱਚਿਤ ਜਾਂ ਅਣਉੱਚਿਤ ਉੱਦਤੀਕਰਨ ਅਤੇ ਸੁਧਾਰ ਦਾ ਨਤੀਜਾ ਹੈ। ਜੇਕਰ ਇਹਨਾ ਨੂੰ ਖੁੱਲ੍ਹਾ ਖੇਡਣ ਦਿੱਤਾ ਜਾਵੇ ਤਾ ਇਹ ਜੰਗਲੀ ਕਿਰਿਆਵਾਂ ਵਿਚ ਵਿਕਸਿਤ ਹੋਣਗੀਆ ਪਰੰਤੂ ਜੇਕਰ ਇਹਨਾ ਨੂੰ ਸਹੀ ਦਿਸ਼ਾ ਵਿਚ ਨਿਰਦੇਸ਼ਤ ਕੀਤਾ ਜਾਵੇ ਤਾਂ ਜੋ ਵਿਅਕਤੀ ਦਾ ਵਿਵਹਾਰ ਆਪਣੇ ਅਤੇ ਸਮਾਜ, ਦੋਵਾਂ ਲਈ ਚੰਗਾ ਬਣੇਗਾ । ਸੰਖੇਪ ਰੂਪ ਵਿਚ ਇਹਨਾਂ ਪ੍ਰਵਿਰਤੀਆਂ ਨੂੰ ਸਹੀ ਦਿਸ਼ਾ ਵਿਚ ਵਿਕਸਿਤ ਕਰਨ ਲਈ ਵਿਅਕਤੀ ਦਾ ਨੈਤਿਕ ਚਰਿੱਤਰ ਦਾ ਨਿਰਮਾਣ ਹੁੰਦਾ ਹੈ। ਇਸ ਤਰ੍ਹਾਂ ਸਿੱਖਿਆ ਦਾ ਕੰਮ ਵਿਅਕਤੀ ਦੀਆਂ ਮੂਲ ਪ੍ਰਵਿਰਤੀਆਂ ਨੂੰ ਸਹੀ ਦਿਸ਼ਾ ਵਿਚ ਬਦਲ ਕੇ ਨੈਤਿਕ ਚਰਿੱਤਰ ਦਾ ਨਿਰਮਾਣ ਕਰਨਾ ਹੈ।

**5. ਬਾਲਗ ਜੀਵਨ ਲਈ ਤਿਆਰੀ :** ਅੱਜ ਦਾ ਬੱਚਾ ਕੱਲ੍ਹ ਦਾ ਨਾਗਰਿਕ ਹੈ। ਇਸ ਤਰਾਂ ਇਹ ਸਿੱਖਿਆ ਦਾ ਮੱਹਵਤਪੂਰਨ ਕੰਮ ਹੈ ਕਿ ਬੱਚੇ ਨੂੰ ਭਵਿੱਖ ਵਾਲੀ ਜ਼ਿੰਦਗੀ ਲਈ ਤਿਆਰ। ਸਿੱਖਿਆ ਬੱਚੇ ਵਿਚ ਅਜਿਹੀਆਂ ਯੋਗਤਾਵਾਂ ਅਤੇ ਸਮਰੱਥਾਵਾਂ ਵਿਕਸਿਤ ਕਰਦੀ ਹੈ ਤਾਂ ਜੋ ਬੱਚਾ ਜਿਵੇਂ ਜਿਵੇਂ ਵੱਡਾ ਹੋਵੇ ਤਾਂ ਜਿੰਦਗੀ ਦੀਆਂ ਸਮੱਸਿਅਵਾਂ ਦਾ ਹੌਸਲੇ ਨਾਲ ਮੁਕਾਬਲਾ ਕਰ ਸਕੇ ਅਤੇ ਹੱਲ ਕਰ ਸਕੇ।

**6. ਸਮਾਜਿਕ ਭਾਵਨਾਵਾਂ ਨੂੰ ਮਨ ਵਿਚ ਬਿਠਾਉਣਾ :** ਇਕ ਵਿਅਕਤੀ ਸਮਾਜ ਨਾਲ ਪੂਰੀ ਤਰਾ ਸਬੰਧਿਤ ਹੈ ਕਿਉਂਕਿ ਉਹ ਸਮਾਜ ਦੇ ਵਿਚ ਅਤੇ ਸਮਾਜ ਦੇ ਜ਼ਰੀਏ ਹੀ ਆਪਣੇ ਆਪ ਨੂੰ ਵਿਕਸਿਤ ਕਰਦਾ ਹੈ। ਉਹ ਦੂਸਰਿਆਂ ਦੀ ਮੱਦਦ ਕਰ ਸਕਦਾ ਹੈ ਕਿਉਂਕਿ ਉਹ ਸਮਾਜ ਦਾ ਵੀ ਹਿੱਸਾ ਹਨ ਅਤੇ ਉਸ ਨਾਲ ਰਹਿੰਦੇ ਹਨ। ਇਸ ਲਈ ਹਰੇਕ ਵਿਅਕਤੀ ਅੰਦਰ ਸਮਾਜ ਸੇਵਾ ਦੀ ਧਾਰਨਾ ਵਿਕਸਿਤ ਹੋਣੀ ਬਹੁਤ ਜ਼ਰੂਰੀ ਹੈ। ਸਿਰਫ ਸਿੱਖਿਆ ਹੀ ਅਜਿਹਾ ਕੰਮ ਕਰ ਸਕਦੀ ਹੈ । ਇਸ ਨਾਲ ਬੱਚਿਆ ਵਿਚ ਸਮਾਜਿਕ ਗੁਣ ਜਿਵੇਂ ਪਿਆਰ, ਹਮਦਰਦੀ, ਦਿਆਲਤਾ, ਸਹਿਯੋਗ, ਸਬਰ ਅਤੇ ਤਿਆਗ ਆਦਿ ਦੀਆ ਭਾਵਨਾਵਾਂ ਵੀ ਪੈਦਾ ਕੀਤੀਆ ਜਾਂਦੀਆ ਹਨ ।

**7. ਸੱਭਿਆਚਾਰ ਅਤੇ ਸੱਭਿਅਤਾ ਦੀ ਸੰਭਾਲ:-** ਹਰੇਕ ਸਮਾਜ਼ ਦੀਆਂ ਆਪਣੀਆਂ ਪਰੰਪਰਾਵਾਂ, ਰੀਤੀ-ਰਿਵਾਜ, ਨੈਤਿਕ ਧਾਰਨਾਵਾਂ ਅਤੇ ਧਾਰਮਿਕ ਵਿਚਾਰ ਹੁੰਦੇ ਹਨ। ਇਹ ਕੱਦਰਾਂ-ਕੀਮਤਾਂ ਜਿਸ ਰੂਪ ਵਿੱਚ ਅੱਗੇ ਵੱਧਦੀਆਂ ਹਨ ਉਸਨੂੰ ਰਾਸ਼ਟਰੀ ਸੱਭਿਆਚਾਰ ਕਹਿੰਦੇ ਹਨ। ਹਰੇਕ ਰਾਸ਼ਟਰ ਨੂੰ ਆਪਣੀ ਸੱਭਿਅਤਾ ਅਤੇ ਸੱਭਿਆਚਾਰ ਤੇ ਮਾਣ ਹੁੰਦਾ ਹੈ। ਇਸ ਲਈ ਹਰੇਕ ਰਾਸ਼ਟਰ ਆਪਣੇ ਸੱਭਿਆਚਾਰਕ ਵਿਰਸੇ ਨੂੰ ਸੰਭਾਲਨ ਲਈ ਜਾਗਰੂਕ ਹੁੰਦਾ ਹੈ। ਇਹ ਸਿੱਖਿਆ ਦਾ ਹੀ ਕੰਮ ਹੈ ਕਿ ਵਿਰਸੇ ਨੂੰ ਸੰਭਾਲ ਕੇ ਰੱਖਣਾ ਅਤੇ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਇਸ ਨੂੰ ਪਹੁੰਚਾਉਣਾ।

**8. ਸਮਾਜਿਕ ਸੁਧਾਰ:-** ਸਿੱਖਿਆ ਦਾ ਇੱਕ ਹੋਰ ਕੰਮ ਸਮਾਜਿਕ ਤਰੱਕੀ ਅਤੇ ਸਮਾਜਿਕ ਸੁਧਾਰ ਹੈ। ਇਸ ਲਈ ਇਹ ਸਾਰੇ ਅੰਧ-ਵਿਸ਼ਵਾਸ਼ ਅਤੇ ਫਾਲਤੂ ਦੇ ਉਹਨਾਂ ਰੀਤੀ-ਰਿਵਾਜ਼ਾਂ ਨੂੰ ਖਤਮ ਕਰਦੀ ਹੈ ਜਿਨ੍ਹਾਂ ਨਾਲ ਸਮਾਜ ਨੂੰ ਨੁਕਸਾਨ ਹੁੰਦਾ ਹੈ। ਇਸ ਤਰ੍ਹਾਂ ਸਿੱਖਿਆ ਸੁਧਾਰ ਅਤੇ ਵਿਕਾਸ਼ ਦੇ ਨਵੇਂ ਰਸਤੇ ਦਿਖਾਉਂਦੀ ਹੈ।

**9. ਵਾਤਾਵਰਣ ਨਾਲ ਤਾਲਮੇਲ:-** ਹਰੇਕ ਵਿਅਕਤੀ ਵਾਤਾਵਰਣ ਦੇ ਵਿੱਚ ਅਤੇ ਉਸ ਦੇ ਵਿਰੁੱਧ ਜਿਉਣ ਲਈ ਸੰਘਰਸ਼ ਕਰਦਾ ਹੈ। ਉਸਦੇ ਲਈ ਉਸਨੂੰ ਕੁਦਰਤੀ ਆਫ਼ਤਾਂ ਜਾਂ ਮੌਸਮ ਦੇ ਬਦਲਾਅ ਦਾ ਸਾਹਮਣਾ ਕਰਨਾ ਪੈਂਦਾ ਹੈ। ਸਹੀ ਸਮਾਯੋਜਨ ਨਾਲ ਸਹੀ ਜ਼ਿੰਦਗੀ ਅਤੇ ਕੁਸਮਾਯੋਜਨ ਵਿਨਾਸ਼ ਦਾ ਕਾਰਨ ਹੋ ਸਕਦਾ ਹੈ। ਸਿੱਖਿਆ ਵਿਅਕਤੀ ਨੂੰ ਇਸ ਨਾਲ ਸਹੀ ਸਮਾਯੋਜਨ ਸਿਖਾਉਂਦੀ ਹੈ ਜੋ ਉਸਦੇ ਜੀਵਨ ਅਤੇ ਹੋਂਦ ਲਈ ਜ਼ਰੂਰੀ ਹੈ। ਇਸ ਤਰ੍ਹਾਂ ਮਨੁੱਖੀ ਜ਼ਿੰਦਗੀ ਵਿੱਚ ਸਿੱਖਿਆ ਦਾ ਕੰਮ ਵਾਤਾਵਰਣ ਨਾਲ ਸਮਾਯੋਜਨ ਨੂੰ ਸਿਖਾਉਣਾ ਹੈ।

**10. ਵਾਤਾਵਰਣ ਦਾ ਸੁਧਾਰ :** ਸਿੱਖਿਆ ਮਨੁੱਖਾਂ ਵਿੱਚ ਚੰਗੀਆਂ ਆਦਤਾਂ ਦਾ ਨਿਰਮਾਣ ਕਰਦੀ ਹੈ। ਇਹਨਾਂ ਆਦਤਾਂ ਅਤੇ ਸਮਰਥਾਵਾਂ ਦੁਆਰਾ, ਉਹ ਆਪਣੀਆਂ ਜ਼ਰੂਰਤਾਂ ਅਤੇ ਲੋੜਾਂ ਅਨੁਸਾਰ ਵਾਤਾਵਰਣ ਨੂੰ ਬਦਲ ਕੇ

ਆਪਣੇ ਜੀਣ ਯੋਗ ਬਣਾਉਦਾ ਹੈ। ਇਸ ਤਰ੍ਹਾਂ ਸਿੱਖਿਆ ਸਿਰਫ਼ ਵਾਤਾਵਰਣ ਨਾਲ ਤਾਲਮੇਲ ਬਣਾਉਣਾ ਨਹੀਂ ਸਿਖਾਉਂਦੀ, ਸਗੋਂ ਵਾਤਾਵਰਣ ਨੂੰ ਹਾਲਾਤ ਅਤੇ ਸਥਿਤੀਆਂ ਅਨੁਸਾਰ ਬਦਲਣਾ ਅਤੇ ਸੁਧਾਰਨਾ ਵੀ ਸਿਖਾਉਂਦੀ ਹੈ। ਇਸ ਸੰਘਰਸ਼ ਦੇ ਸਮੇਂ ਵਿੱਚ ਇਹ ਸਿੱਖਿਆ ਦਾ ਬਹੁਤ ਜ਼ਰੂਰੀ ਕੰਮ ਹੈ। ਸਾਡਾ ਦੇਸ਼ ਭਿੰਨਤਾਵਾਂ ਦਾ ਦੇਸ਼ ਹੈ ਜਿਵੇਂ: ਧਰਮ, ਜਾਤ, ਭਾਸ਼ਾ, ਰਹਿਣ-ਸਹਿਣ ਦੀਆਂ ਆਦਤਾਂ ਦੀ ਭਿੰਨਤਾ। ਇਹ ਭਿੰਨਤਾਵਾਂ ਸਮੁਦਾਇ ਵਿੱਚ ਦਵੰਦ ਦੇ ਨਾਲ-ਨਾਲ ਸਮਾਜਿਕ ਉਲਝਣਾਂ ਪੈਦਾ ਕਰਦੀਆਂ ਹਨ। ਕਈ ਵਾਰ ਸਾਰਾ ਵਾਤਾਵਰਣ ਇਸ ਹੱਦ ਤੱਕ ਜ਼ਹਿਰੀਲਾ ਹੋ ਜਾਂਦਾ ਹੈ ਜਿਸ ਨਾਲ ਦੇਸ਼ ਦੀ ਏਕਤਾ ਅਤੇ ਸਥਿਰਤਾ ਨੂੰ ਖ਼ਤਰਾ ਪੈਦਾ ਹੋ ਜਾਂਦਾ ਹੈ। ਸਾਡੀ ਸਿੱਖਿਆ ਨੂੰ ਇਹਨਾਂ ਉਲਝਣਾਂ ਨੂੰ ਹੱਲ ਕਰਕੇ ਅਤੇ ਭਿੰਨਤਾਵਾਂ ਵਿੱਚ ਏਕਤਾ ਸਥਾਪਿਤ ਕਰਨ ਵੱਲ ਅਗਰਸਰ ਹੁੰਦੀ ਹੈ।

**11. ਸੱਭਿਅਕ ਮਨੁੱਖ ਬਣਾਉਣਾ:-** ਜਨਮ ਤੋ ਮਨੁੱਖ ਇੱਕ ਜਾਨਵਰ ਵਾਂਗ ਹੁੰਦਾ ਹੈ ਅਤੇ ਉਸੇ ਜਾਨਵਰ ਦੀ ਤਰ੍ਹਾਂ ਹੀ ਵਿਵਹਾਰ ਕਰਦਾ ਹੈ। ਸਿੱਖਿਆ ਬੱਚੇ ਨੂੰ ਸੁਧਾਰਨ ਅਤੇ ਸੱਭਿਅਕ ਬਣਾਉਣ ਦੀ ਕਿਰਿਆ ਹੈ। ਸਿੱਖਿਆ ਦਾ ਕੰਮ ਬੱਚੇ ਵਿੱਚ ਜਾਗ੍ਰਿਤੀ ਅਤੇ ਚੇਤਨਾ ਪੈਦਾ ਕਰਨਾ ਹੈ ਤਾਂ ਜੋ ਉਹ ਵਧੀਆ ਸੱਭਿਅਕ ਮਨੁੱਖ ਬਣ ਸਕੇ। ਆਜ਼ਾਦ ਭਾਰਤ ਵਿੱਚ ਦੇਸ਼ ਦੇ ਆਮ ਲੋਕਾਂ ਨੂੰ ਸੱਭਿਅਕ ਬਣਾਉਣ ਦੀ ਜ਼ਿੰਮੇਵਾਰੀ ਮੂਲ ਰੂਪ ਵਿੱਚ ਸਿੱਖਿਆ ਦੀ ਹੈ।

**12. ਲੋੜਾਂ ਦੀ ਸੰਤੁਸ਼ਟੀ:-** ਹਰੇਕ ਮਨੁੱਖ ਦੀਆਂ ਆਪਣੀਆਂ ਸਰੀਰਕ, ਸਿੱਖਿਅਕ ਅਤੇ ਸਮਾਜਿਕ ਲੋੜਾਂ ਹਨ। ਇਹ ਸਾਰੀਆਂ ਲੋੜਾਂ ਸਿੱਖਿਆ ਦੁਆਰਾ ਹੀ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ। ਸਿੱਖਿਆ ਮਨੁੱਖਾਂ ਵਿੱਚ ਸਮਰੱਥਾਵਾਂ ਵਿਕਸਤ ਕਰਦੀ ਹੈ ਅਤੇ ਇਹਨਾਂ ਲੋੜਾਂ ਅਤੇ ਸਮੱਸਿਆਵਾਂ ਦੇ ਹੱਲ ਲਈ ਸਹੀ ਰਸਤੇ ਦਿਖਾਉਂਦੀ ਹੈ। ***ਸਵਾਮੀ ਵਿਵੇਕਾਨੰਦ*** ਅਨੁਸਾਰ, ਸਿੱਖਿਆ ਦੀ ਵਰਤੋਂ ਜ਼ਿੰਦਗੀ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਹੈ ਅਤੇ ਇਹ ਹੀ ਆਧੁਨਿਕ ਸੱਭਿਅਕ ਸੰਸਾਰ ਦਾ ਗੰਭੀਰ ਮੁੱਦਾ ਹੈ।

**13. ਵਿਵਸਾਇਕ ਯੋਗਤਾ:-** ਸਿੱਖਿਆ ਹਰੇਕ ਵਿਅਕਤੀ ਨੂੰ ਜ਼ਿਆਦਾ ਤੋਂ ਜ਼ਿਆਦਾ ਵਿਵਸਾਇਕ ਯੋਗਤਾ ਅਤੇ ਕਿੱਤਾ ਨਿਪੁੰਨਤਾ ਹਾਸ਼ਿਲ ਕਰਨ ਵਿੱਚ ਮੱਦਦ ਕਰਦੀ ਹੈ । ਸਿੱਖਿਆ ਇਕ ਮਨੁੱਖ ਨੂੰ ਅਲੱਗ-ਅਲ਼ੱਗ ਵਿਵਸਾਇ ਅਤੇ ਕਿੱਤਿਆ ਵਿਚੋਂ ਇਕ ਨੂੰ ਚੁਣਨ ਅਤੇ ਉਸ ਵਿਚ ਨਿਪੁੰਨਤਾ ਹਾਸਿਲ ਕਰਨ ਕਰਨ ਦਾ ਗਿਆਨ ਦਿੰਦੀ ਹੈ । ਇਹ ਸਵੈ-ਨਿਰਭਰ ਅਤੇ ਅਤੇ ਸਵੈ-ਵਿਸ਼ਵਾਸ ਨਾਲ ਭਰੀ ਜ਼ਿੰਦਗੀ ਨੂੰ ਜਿਉਣਾ ਸਿਖਾਉਂਦੀ ਹੈ । ਡਾ. ਰਾਧਾ ਕ੍ਰਿਸ਼ਨਨ ਦੇ ਅਨੁਸਾਰ, ਸਿੱਖਿਆ ਦਾ ਇਕ ਕੰਮ ਵਿਦਿਆਰਥੀਆ ਨੂੰ ਜ਼ਿੰਦਗੀ ਲਈ ਕਮਾਈ ਕਰਨ ਵਿਚ ਮੱਦਦ ਕਰਨਾ ਵੀ ਹੈ ।

**14. ਸੰਸਾਰਿਕ ਖੁਸ਼ਹਾਲੀ ਦੀ ਪ੍ਰਾਪਤੀ :** ਸਿੱਖਿਆ ਦਾ ਕੰਮ ਵਿਅਕਤੀ ਵਿਚ ਜ਼ਿਆਦਾ ਤੋ ਜ਼ਿਆਦਾ ਸੰਸਾਰਿਕ ਖੁਸ਼ਹਾਲੀ ਅਤੇ ਕਲਿਆਣ ਪ੍ਰਾਪਤੀ ਲਈ ਉਸ ਵਿਚ ਸਮੱਰਥਾ ਪੈਦਾ ਕਰਨਾ ਹੈ। ਅੱਜ ਦੇ ਪਦਾਰਥਵਾਦੀ ਸੰਸਾਰ ਵਿਚ ਸੰਸਾਰਿਕ ਖੁਸ਼ਹਾਲੀ ਪ੍ਰਾਪਤ ਕਰਨ ਦੀ ਇੱਛਾ ਹੋਣਾ ਕੁਦਰਤੀ ਹੈ। ਸਿੱਖਿਆ ਰਾਹੀ ਇਹ ਸਾਰੀਆਂ ਸਮਰੱਥਾਵਾਂ ਵਿਕਸਿਤ ਹੋ ਸਕਦੀਆਂ ਹਨ ।

**15. ਸਵੈ ਯੋਗਤਾ ਦੀ ਪ੍ਰਾਪਤੀ :** ਸਿੱਖਿਆ ਵਿਅਕਤੀ ਨੂੰ ਆਤਮ ਨਿਰਭਰ ਅਤੇ ਸਵੈ ਯੋਗ ਬਣਾਉਂਦੀ ਹੈ। ਇਹ ਵਿਅਕਤੀ ਨੂੰ ਸਵੈ ਸਮੱਰਥ ਹੋਣਾ ਸਿਖਾਉਂਦੀ ਹੈ ।ਸਿੱਖਿਆ ਅਜਿਹੇ ਨਾਗਿਰਕ ਪੈਦਾ ਕਰਦੀ ਹੈ ਜੋ ਚੁਸਤ ਅਤੇ ਗਤੀਸ਼ੀਲ ਹੋਣਾ । ਸਵਾਮੀ ਵਿਵੇਕਾਨੰਦ ਦੇ ਅਨੁਸਾਰ, ਅਸੀ ਅਜਿਹੀ ਸਿੱਖਿਆ ਚਾਹੁੰਦੇ ਹਾਂ ਜੋ ਸਾਨੂੰ ਆਪਣੇ ਪੈਰਾ ਤੇ ਖੜਾ ਕਰੇ।

**16. ਤਜ਼ਰਬਿਆਂ ਦਾ ਪੁਨਰ ਗਠਨ ਅਤੇ ਪੁਨਰ ਨਿਰਮਾਣ :** ਇਕ ਮਨੁੱਖ ਆਪਣੀ ਜ਼ਿੰਦਗੀ ਵਿਚ ਵਾਤਾਵਰਣ ਅਤੇ ਹੋਰਨਾਂ ਨਾਲ ਸੰਬੰਧਾਂ ਰਾਹੀਂ ਕਈ ਤਰ੍ਹਾਂ ਦੇ ਤਜ਼ਰਬਿਆਂ ਚੋਂ ਲੰਘਦਾ ਹੈ । ਉਹ ਜਿਹੜੇ ਤਜ਼ਰਬੇ ਚੰਗੇ ਜਾਂ ਵਧੀਆ ਹੁੰਦੇ ਹਨ, ਉਹਨਾਂ ਨੂੰ ਅੱਗੇ ਜੀਵਨ ਵਿਚ ਵਰਤਦਾ ਹੈ ਅਤੇ ਮਾੜੇ ਤਜ਼ਰਬਿਆ ਤੋ ਸਬਕ ਲੈ ਕੇ ਉਹਨਾਂ ਤੋ ਸਿੱਖਦਾ ਹੈ । ਇਸ ਤਰਾਂ ਉਹ ਤਜ਼ਰਬਿਆਂ ਦੇ ਪੁਨਰ ਗਠਨ ਅਤੇ ਪੁਨਰ ਨਿਰਮਾਣ ਰਾਹੀ ਤਰੱਕੀ ਦੀ ਉਚਾਈ ਤੇ ਅੱਗੇ-ਅੱਗੇ ਵੱਧਦਾ ਜਾਂਦਾ ਹੈ।

**17. ਕੰਮ ਦੇ ਖੇਤਰਾਂ ਦਾ ਵਿਵਹਾਰਕ ਗਿਆਨ :** ਸਿੱਖਿਆ ਮਨੁੱਖੀ ਵਿਚਾਰਾਂ ਅਤੇ ਕਿਰਿਆਵਾਂ ਦੇ ਵੱਖ -ਵੱਖ ਖੇਤਰ ਦਾ ਗਿਆਨ ਪ੍ਰਦਾਨ ਕਰਦੀ ਹੈ।ਇਹ ਗਿਆਨ ਸਿਰਫ ਕਿਤਾਬੀ ਨਹੀ ਹੁੰਦਾ ਸਗੋ ਕੰਮ ਨੂੰ ਵਿਵਹਾਰਿਕ ਗਿਆਨ ਦੀ ਜ਼ਰੂਰਤ ਪੈਂਦੀ ਹੈ। ਉਹ ਆਪਣੇ ਗਿਆਨ ਨੂੰ ਕਿਤਾਬਾਂ ਦੇ ਨਾਲ ਨਾਲ ਵਿਵਹਾਰਿਕ ਰੂਪ ਵਿਚ ਵਰਤਣ ਲਈ ਯੋਗ ਹੁੰਦੇ ਹਨ। ਸਵਾਮੀ ਵਿਵੇਕਾਨੰਦ ਨੇ ਸਹੀ ਕਿਹਾ ਹੈ ਕਿ ਤੁਹਾਡਾ ਆਪਣੇ ਕੰਮ ਦੇ ਸਾਰੇ ਖੇਤਰਾਂ ਵਿਚ ਵਿਵਹਾਰਿਕ ਹੋਣਾ ਬਹੁਤ ਜ਼ਰੂਰੀ ਹੈ ।

**2.3.9 ਸ਼ਾਂਤਮਈ ਜੀਵਨ ਪ੍ਰਤੀ ਆਲੋਚਨਾਤਮਕ-ਅਧਿਆਪਨ :**

**ਆਲੋਚਨਾਤਮਿਕ ਅਧਿਆਪਨ :** ਇਹ ਇੱਕ ਅਧਿਆਪਨ ਵਿਧੀ ਹੈ ਜਿਸਦਾ ਉਦੇਸ਼ ਸਮਾਜਿਕ ਰੀਤੀ-ਰਿਵਾਜ ਅਤੇ ਵਿਸ਼ਵਾਸ ਉਤਪੰਨ ਕਰਨਾ ਅਤੇ ਸੰਘਰਸ਼ ਨੂੰ ਮੱਦਦ ਦੇਣਾ ਹੈ । ਆਲੋਚਨਾਤਮਕ ਸਿੱਖਿਆ, ਸਿੱਖਿਆ ਦੀ ਉਹ ਕਿਸਮ ਹੈ ਜਿਸ ਵਿਚ ਸਮਾਜਿਕ ਸੰਸਥਾਵਾਂ ਅਤੇ ਸਥਾਪਿਤ ਵਿਵਸਥਾਵਾਂ ਦੀ ਆਲੋਚਨਾ ਜ਼ਰੂਰੀ ਹੁੰਦੀ ਹੈ। ਇਹ ਸਮਾਜ ਨੂੰ ਸਿੱਖਿਆ ਦੀ ਭੂਮਿਕਾ ਸਬੰਧੀ ਸਮਝ ਦਾ ਪ੍ਰਸ਼ਨ ਉਤਪੰਨ ਕਰਦੀ ਹੈ । ਇਹ ਇਕ ਤਰਾਂ ਦੇ ਅਭਿਆਸ ਅਤੇ ਸਿਧਾਂਤ ਹਨ ਜੋ ਸਿੱਖਿਆਰਥੀ ਦੀ ਜ਼ਰੂਰੀ ਜਾਗਰੂਕਤਾ ਵਿਚ ਮੱਦਦ ਕਰਦੇ ਹਨ। ਆਲੋਚਨਾਤਮਕ ਸਿੱਖਿਆ ਅਨੁਸਾਰ, ਸਿੱਖਿਆਂ ਸਹਿਜ ਰੂਪ ਵਿਚ ਰਾਜਨੀਤਿਕ ਹੈ ਅਤੇ ਹਰੇਕ ਪ੍ਰਕਾਰ ਦੀ ਸਿੱਖਿਆ ਇਸ ਤੱਥ ਤੋਂ ਜਾਣੂ ਹੋਣੀ ਚਾਹੀਦੀ ਹੈ । ਮਨੁੱਖੀ ਦੁੱਖਾਂ, ਤਕਲੀਫਾਂ ਅਤੇ ਦਬਾਅ ਤੋ ਸੁੰਤਤਰਤਾ ਸਿੱਖਿਆ ਦਾ ਜ਼ਰੂਰੀ ਪਹਿਲੂ ਹੋਣਾ ਚਾਹੀਦਾ ਹੈ । ਪੋਲੋ ਫਰੇਰੇ ਦੀ ਆਲੋਚਨਾਤਮਕ ਸਿੱਖਿਆ ਵਿਚ ਸਭ ਤੋ ਵੱਧ ਦੇਣ ਹੈ । ਉਸ ਦੀ ਕਿਤਾਬ **Pedagogy of the Oppressed** ਵਿਚ ਉਸਨੇ ਦੱਸਿਆ ਹੈ ਕਿ ਕਿਵੇ ਲੋਕਾਂ ਨੂੰ ਸਿਖਾਇਆ ਨਹੀ ਜਾਂਦਾ ਅਤੇ ਨਾ ਹੀ ਉਹਨਾਂ ਨੂੰ ਆਪਣੀਆਂ ਸਥਿਤੀਆਂ ਬਾਰੇ ਆਲੋਚਨਤਮਕ ਢੰਗ ਨਾਲ ਸੋਚਣ ਲਈ ਤਿਆਰ ਕੀਤਾ ਜਾਂਦਾ ਹੈ । ਇਸ ਤਰ੍ਹਾਂ ਉਹ ਉਸੇ ਸਥਿਤੀ ਨੂੰ ਲਾਜ਼ਮੀ ਅਤੇ ਆਪਣੇ ਜ਼ਿੰਦਗੀ ਦਾ ਹਿੱਸਾ ਮੰਨ ਲੈਂਦੇ ਹਨ ।ਉਹ ਇਸ ਸਥਿਤੀ ਬਾਰੇ ਜਾਗਰੂਕ ਹੋਣਗੇ ਅਤੇ ਉਸਨੂੰ ਸਮਝਣਗੇ ਉਦੋ ਹੀ ਉਸਨੂੰ ਬਦਲਣ ਲਈ ਕੋਈ ਕਦਮ ਚੁੱਕਣਗੇ।ਇਸ ਕਿਰਿਆ ਨੂੰ ਚੇਤੰਨਤਾ ਜਾਂ ਅੰਤਰ-ਵਿਵੇਕਸ਼ੀਲਤਾ (**Conscitntization**) ਦੀ ਕਿਰਿਆ ਕਹਿੰਦੇ ਹਨ । ਫਰੇਰ। ਨੇ ਚੇਤਨਾ ਦੇ ਚਾਰ ਪੱਧਰ ਦੱਸੇ ਹਨ :

**ਚੇਤਨਾ ਦੇ ਪੱਧਰ :**

**1. ਜਾਦੂਈ ਚੇਤਨਾ :** ਚੇਤਨਾ ਦੇ ਇਸ ਪੱਧਰ ਤੇ ਲੋਕ ਆਪਣੀ ਕਿਸੇ ਵੀ ਵਿਅਕਤੀਗਤ ਅਤੇ ਸਮਾਜਿਕ ਕਿਰਿਆ ਲਈ ਆਪਣੇ ਆਪ ਨੂੰ ਪੂਰਨ ਰੂਪ ਵਿਚ ਕਮਜ਼ੋਰ ਸਮਝਦੇ ਹਨ ।ਉਹ ਸਮਝਦੇ ਹਨ ਕਿ ਬਾਹਰੀ ਸ਼ਕਤੀਆ ਜਿਵੇ, ਰੱਬ , ਦੇਵਤਾ ਆਦਿ ਉਹਨਾਂ ਦੀ ਜ਼ਿੰਦਗੀ ਵਿੱਚ ਸਭ ਕੁੱਝ ਨਿਯੰਤਰਤ ਕਰਦੇ ਹਨ ਅਤੇ ਮਨੁੱਖ ਉਹਨਾਂ ਦੇ ਸਾਹਮਣੇ ਬੇਵਸ ਹੈ।

**2. ਸਰਲ ਚੇਤਨਾ :** ਇਸ ਪੱਧਰ ਤੇ ਵਿਅਕਤੀ ਆਪਣੇ ਅੰਦਰ ਅਤੇ ਬਾਹਰਲੀ ਦੁਨੀਆ ਵਿਚ ਅੰਤਰ ਕਰਨ ਲੱਗ ਜਾਂਦਾ ਹੈ । ਉਸ ਅਨੁਸਾਰ ਜ਼ਿੰਦਗੀ ਵਿਚ ਕੁਝ ਕੁ ਕੰਮ ਉਸ ਦੀ ਪਹੁੰਚ ਵਿਚ ਹੁੰਦੇ ਹਨ ਅਤੇ ਅਤੇ ਕੁਝ ਕੁ ਉਸਦੇ ਨਿਯੰਤਰਣ ਤੋ ਬਾਹਰ ਹੁੰਦੇ ਹਨ । ਲੋਕ ਜਾਣਦੇ ਹਨ ਕਿ ਉਹ ਆਪਣੀਆਂ ਸਥਿਤੀਆਂ ਪ੍ਰਤੀ ਕੁਝ ਕਰ ਸਕਦੇ ਹਨ ਪਰੰਤੂ ਉਸ ਸਮੇਂ ਉਹ ਇਹ ਵੀ ਮੰਨ ਕੇ ਚੱਲਦੇ ਹਨ ਕਿ ਹੋਰ ਬਹੁਤ ਅਜਿਹੇ ਕੰਮ ਹਨ ਜੋ ਉਹ ਨਹੀ ਕਰ ਸਕਦੇ ।

**3. ਆਲੋਚਨਾਤਮਕ ਚੇਤਨਾ :** ਇਸ ਪੱਧਰ ਤੇ ਵਿਅਕਤੀ ਸਿਰਫ ਆਪਣੇ ਆਪ ਅਤੇ ਦੂਸਰੇ ਵਿਚਕਾਰ ਅੰਤਰ ਹੀ ਨਹੀ ਲੱਭਦਾ, ਸਗੋ ਇਸ ਅੰਤਰ ਨੂੰ ਦੂਰ ਕਰਨ ਲਈ ਕੁਝ ਸਥਿਤੀਆਂ ਵਿਚ ਬਦਲਾਅ ਵੀ ਕਰਦਾ ਹੈ। ਵਿਅਕਤੀ ਆਪਣੀ ਯੋਗਤਾਵਾਂ ਅਤੇ ਸਮੱਰਥਾਵਾਂ ਨੂੰ ਸਮਝਣ ਲੱਗ ਪੈਂਦਾ ਹੈ ਅਤੇ ਇਸ ਨਾਲ ਦੂਜੇ ਵੀ ਪ੍ਰਭਾਵਿਤ ਹੁੰਦੇ ਹਨ ।ਉਸ ਨੂੰ ਪਤਾ ਲੱਗ ਜਾਂਦਾ ਹੈ ਕਿ ਦਬਾਅ ਸਮੱਸਿਆ ਕਿਸ ਕਾਰਨ ਆਉਂਦੀ ਹੈ, ਇਸ ਨੂੰ ਹੱਲ ਕਰਨ ਲਈ ਕੀ ਭੂਮਿਕਾ ਨਿਭਾਈ ਜਾ ਸਕਦੀ ਹੈ ਅਤੇ ਇਸ ਤੋ ਕਿਵੇਂ ਛੁਟਕਾਰਾ ਪਾਇਆ ਜਾ ਸਕਦਾ ਹੈ।

**4. ਰਾਜਨੀਤਿਕ ਚੇਤਨਾ :** ਇਹ ਚੇਤਨਾ ਦਾ ਸਰਵਉਚ ਪੱਧਰ ਹੈ ਜਿਥੇ ਲੋਕ ਸੱਚਾਈ ਦੇ ਅਨੁਭਵ ਦੁਆਰਾ ਇਹ ਖੋਜ ਕਰਦੇ ਹਨ ਕਿ ਦੂਸਰਿਆਂ ਦੇ ਵੀ ਨਾ ਸਿਰਫ ਅਨੁਭਵ ਸਗੋ ਮੁਸ਼ਕਲਾਂ ਵੀ ਉਸ ਨਾਲ ਇਕ ਸਮਾਨ

ਹਨ ਇਹ ਲੋਕਾਂ ਨੂੰ ਆਪਣੀਆਂ ਸ਼ਕਤੀਆਂ ਨੂੰ ਇੱਕਠਾ ਕਰਕੇ ਮੁਸ਼ਕਲਾਂ ਨੂੰ ਹੱਲ ਕਰਨ ਲਈ ਸ਼ਕਤੀ ਨੂੰ ਪ੍ਰਭਾਵਿਤ ਕਰਦੇ ਹਨ ।ਫਰੇਰੇ ਅਨੁਸਾਰ ਕੋਈ ਵੀ ਕਿਸੇ ਨੂੰ ਅਜਾਦ ਨਹੀ ਕਰਦਾ , ਕੋਈ ਆਪਣੇ ਆਪ ਨੂੰ ਇੱਕਲਾ ਆਜਾਦ ਨਹੀ ਕਰਦਾ, ਮਨੁੱਖ ਇਕ ਦੂਜੇ ਦੀ ਸਮੂਲੀਅਤ ਵਿਚ ਆਜ਼ਾਦੀ ਪ੍ਰਾਪਤ ਕਰਦਾ ਹੈ।

ਲੋਕ ਸ਼ਾਤਮਈ ਜੀਵਨ ਲਈ ਦਬਾਅ ਅਤੇ ਸਮੱਸਿਆਵਾਂ ਤੋ ਉਪਰ ਉੱਠ ਕੇ ਸੱਚਾਈ ਅਤੇ ਆਜਾਦੀ ਨਾਲ ਆਪਣੀ ਚੇਤਨਾ ਦੀ ਵਰਤੋਂ ਕਰਦੇ ਹਨ।ਜਦੋ ਵਿਅਕਤੀ ਨਵੇਂ ਤਰੀਕੇ ਨਾਲ ਸੋਚਣਾ ਸ਼ੁਰੂ ਕਰਦਾ ਹੈ ਤਾਂ ਉਹ ਆਪਣੇ ਸਮਾਜਿਕ ਪੱਧਰ ਤੇ ਤਬਦੀਲ ਯੋਗ ਹੋ ਜਾਦਾ ਹੈ।

### 2.3.10 ਆਲੋਚਨਾਤਮਕ ਅਧਿਆਪਨ ਅਤੇ ਇਸਦੀ ਪ੍ਰਕਿਰਿਆ :

ਆਲੋਚਨਾਤਮਕ ਸਿੱਖਿਆ ਦਾ ਮੁੱਖ ਉਦੇਸ਼ ਸਾਰੇ ਲੋਕਾਂ ਨੂੰ ਲਿੰਗ, ਜਾਤ ਪਾਤ ਤੋ ਬਿਨਾਂ ਸਿੱਖਿਅਤ ਕਰਨ ਅਤੇ ਇਹਨਾਂ ਤੋਂ ਬੰਧਨਮੁਕਤ ਕਰਨਾ ਹੈ। **ਬੈਰੀ ਕਾਨਪੋਲ** ਅਨੁਸਾਰ ਆਲੋਚਨਾਤਮਕ ਸਿੱਖਿਆ ਦਾ ਭਾਵ ਸਕੂਲਾਂ ਦੇ ਅਣ-ਉਚਿਤ ਢਾਂਚਿਆਂ ਨੂੰ ਬਦਲਣ ਅਤੇ ਉਹਨਾਂ ਦੀਆ ਵਿਧੀਆ ਨੂੰ ਪਰਖਣਾ ਹੈ ਜੋ ਅਸਮਾਨਤਾ ਪੈਦਾ ਕਰਦੇ ਹਨ। ਇਹ ਇੱਕ ਸੱਭਿਆਚਾਰਕ- ਰਾਜੀਨਤਿਕ ਔਜਾਰ ਹੈ ਜੋ ਜਾਤ ਪਾਤ, ਲਿੰਗ ਦੇ ਆਧਾਰ ਤੇ ਮਨੁਖੀ ਭਿੰਨਤਾਵਾਂ ਦੀ ਧਾਰਨਾ ਨੂੰ ਧਿਆਨ ਵਿਚ ਰੱਖਦਾ ਹੈ। ਇਸ ਦਾ ਕੰਮ ਲੋਕਾਂ ਨੂੰ ਇਕ ਜੁੱਟ ਕਰਕੇ ਉਹਨਾ ਦੀਆ ਸਮੱਸਿਆਵਾਂ ਨੂੰ ਖਤਮ ਕਰਨਾ ਹੈ।

**ਸਿੱਖਿਆ ਦੇ ਪੁਰਾਤਨ ਦ੍ਰਿਸ਼ਟੀਕੋਣ** ਅਨੁਸਾਰ ਅਧਿਆਪਕ ਗਿਆਨ ਦਾ ਸਤੰਭ ਹਨ ਉਹ ਸਭ ਕੁੱਝ ਜਾਣਦੇ ਹਨ ਪਰੰਤੂ ਵਿਦਿਆਰਥੀ ਕੁਝ ਵੀ ਨਹੀ। ਅਧਿਆਪਕ ਵਿਦਿਆਰਥੀ ਵਿਚ ਆਪਣਾ ਗਿਆਨ ਵੰਡਦੇ ਹਨ ਅਤੇ ਕਦੇ ਵੀ ਉਹਨਾ ਨੂੰ ਗਿਆਨ ਉਤੇ ਪ੍ਰਸ਼ਨ ਕਰਨ ਲਈ ਨਹੀ ਕਹਿੰਦੇ। ਅਧਿਆਪਕ ਸੋਚਦਾ ਹੈ ਵਿਦਿਆਰਥੀ ਨਹੀ। ਅਧਿਆਪਕ ਵਿਸ਼ਾ - ਵਸਤੂ ਚੁਣਦਾ ਹੈ ਤੇ ਵਿਦਿਆਰਥੀ ਸਿਰਫ ਆਗਿਆ ਦਾ ਪਾਲਣ ਕਰਦੇ ਹਨ । ਅਧਿਆਪਕ ਇਕ ਅਧਿਕਾਰੀ ਹੈ ਅਤੇ ਵਿਦਿਆਰਥੀ ਉਸਦਾ ਆਗਿਆਕਾਰੀ ਹੈ ।ਇਸ ਵਿਚ ਵਿਦਿਆਰਥੀ ਗਿਆਨ ਪ੍ਰਾਪਤ ਕਰਦੇ ਹਨ, ਯਾਦ ਕਰਦੇ ਹਨ ਅਤੇ ਦੁਹਰਾਉਂਦੇ ਹਨ। ਉਹਨਾਂ ਨੂੰ ਗਿਆਨ ਨੂੰ ਵਰਤਮਾਨ ਸਮੱਸਿਆਵਾਂ ਨਾਲ ਸਬਧੰਤ ਕਰਨ ਲਈ ਨਹੀ ਕਿਹਾ ਜਾਂਦਾ ਹੈ ਅਤੇ ਨਾ ਹੀ ਸਮਾਜ ਵਿਚ ਹੋ ਰਹੇ ਅਨਿਆ ਨੂੰ ਸੁਧਾਰਨ ਲਈ ਕਿਹਾ ਜਾਦਾ ਹੈ । ਭਾਵ ਉਹਨਾ ਦੀ ਸਮਾਜ ਵਿਚ ਸੁਸਤ ਭੂਮਿਕਾ ਹੁੰਦੀ ਹੈ। ਫਰੇਰੀ ਨੇ ਇਸ ਸਿੱਖਿਆ ਦੇ ਪੁਰਾਤਨ ਦ੍ਰਿਸ਼ਟੀਕੋਣ ਨੂੰ ਸਿੱਖਿਆ ਦਾ ਬੈਕਿੰਗ ਮਾਡਲ ਕਿਹਾ ਹੈ ਕਿਉਕਿ ਇਹ ਇੱਕ ਤਰ੍ਹਾਂ ਦਾ ਬੈਂਕ ਵਿਚ ਪੈਸਾ ਜਮ੍ਹਾਂ ਕਰਾਉਂਣ ਦੀ ਤਰ੍ਹਾਂ ਹੈ ਇਹ ਮਾਡਲ ਦਮਘੋਟੂ ਸਮਾਜ ਨੂੰ ਦਰਸਾਉਦਾ ਹੈ । ਇਸ ਮਾਡਲ ਨੂੰ ਨਕਾਰਿਆ ਗਿਆ ਹੈ ਕਿਉਂਕਿ ਅਧਿਆਪਕ ਦਾ ਸਬੰਧ ਉਹਨਾ ਇਨਸਾਨਾ ਨਾਲ ਹੈ ਜੋ ਸਮਾਜ ਵਿਚ ਬਹੁਤ ਮਹੱਤਵਪੂਰਨ ਸਥਾਨ ਰੱਖਦੇ ਹਨ ਇਸ ਲਈ ਉਹ ਸਮਾਜ ਪ੍ਰਤੀ ਚਿੰਤਤ ਹੋਵੇ ਅਤੇ ਮਨੁੱਖ ਨੂੰ ਸਮਾਜ ਵਿਚ ਆਪਣੀ ਸ਼ਥਿਤੀ ਅਨੁਸਾਰ ਕਾਰਜ ਕਰਨ ਲਈ ਮੋਕੇ ਪ੍ਰਦਾਨ ਕਰੇ ਇਸ ਮਾਡਲ ਦੀ ਬਹੁਤ ਆਲੋਚਨਾ ਹੋਈ ਹੈ ਕਿਉਕਿ ਇੱਥੇ ਗਿਆਨ ਇੰਨਾ ਸਮੱਗਰ ਅਤੇ ਸੰਪੂਰਨ ਹੈ ਜਿਸਨੂੰ ਅਕਿਰਿਆਸ਼ੀਲ ਵਿਦਿਆਰਥੀਆ ਨੂੰ ਆਸਾਨੀ ਨਾਲ ਪਰੋਸਿਆ ਗਿਆ ਹੈ ਅਤੇ ਇਹ ਸੰਸਾਰ ਨੂੰ ਸਥਿਰ ਅਤੇ ਗੇਰ ਪਰਿਵਰਤਨਯੋਗ ਦਿਖਾਉਦਾ ਹੈ । ਇਸ ਮਾਡਲ ਵਿਚ ਵਿਦਿਆਰਥੀ ਇਹ ਮੰਨਦੇ ਹਨ ਕਿ ਸ਼ਕਤੀ ਅਤੇ ਅਧਿਕਾਰ ਅਧਿਆਪਕਾਂ ਦੇ ਹੱਥ ਵਿਚ ਹੈ ਅਤੇ ਵਿਦਿਆਰਥੀਆ ਨੂੰ ਮਨੁੱਖਾਂ ਦੀ ਥਾਂ ਤੇ ਵਸਤੂਆ ਦੀ ਤਰ੍ਹਾ ਦੇਖਿਆ ਜਾਂਦਾ ਹੈ ।

**ਸਿੱਖਿਆ ਦਾ ਇਕ ਨਵਾਂ ਮਾਡਲ** ਫਰੇਰੇ ਨੇ ਪੁਰਾਤਾਨ ਬੈਕਿੰਗ ਮਾਡਲ ਦੀ ਥਾਂ ਤੇ ਸੁਝਾਇਆ ਹੈ ਇਹ ਮਾਡਲ ਅਲੋਚਨਾਤਮਕ ਚੇਤਨਾ ਵੱਲ ਅੱਗੇ ਵਧਾਉਂਦਾ ਹੈ ।ਇਸ ਅਧੀਨ ਵਿਦਿਆਰਥੀ ਆਪਣੇ ਗਿਆਨ ਦਾ ਵਿਸਥਾਰ ਆਪਣੇ ਆਪ ਕਰਦੇ ਹਨ। ਇਸ ਮਾਡਲ ਅਧੀਨ ਵਿਦਿਆਰਥੀਆ ਦੇ ਜੀਵਨ ਸਥਿਤੀਆਂ ਦੀਆ ਸਮੱਸਿਆਵਾਂ ਨੂੰ ਸੁਧਾਰਨ ਅਤੇ ਕੇਂਦਰਿਤ ਕਰਨ ਲਈ ਜ਼ਰੂਰੀ ਕਦਮ ਚੁੱਕ ਕੇ ਸਿੱਖਿਆ ਸਾਰਥਕ ਬਣ ਜਾਂਦੀ ਹੈ। ਇਸ ਵਿਚ ਯਥਾਰਥ ਤੋ ਪਰਦਾ ਚੁੱਕਿਆ ਜਾਂਦਾ ਹੈ ਤੇ ਚੇਤਨਾ ਦੀ ਉਤਪੱਤੀ ਹੁੰਦੀ ਹੈ। ਇਹ ਚੇਤਨਾ ਵਿਦਿਆਰਥੀ ਨੂੰ ਆਪਣੀ ਜੀਵਨ ਸਥਿਤੀਆ ਸੁਧਾਰਨ ਵਿਚ ਸਹਾਈ ਹੁੰਦੀ ਹੈ। ਇਸ ਵਿਚ ਲੋਕਾਂ ਦਾ ਹੱਕ ਹੈ ਕਿ ਉਹ ਪ੍ਰਸ਼ਨ

ਪੁੱਛ ਸਕਦੇ ਹਨ ।ਇਸ ਪ੍ਰਕਿਰਿਆ ਅਧੀਨ ਅਧਿਆਪਕ ਵਿਦਿਆਰਥੀਆਂ ਨੂੰ ਸੁਣਦਾ ਹੈ ਅਤੇ ਉਹਨਾਂ ਨੂੰ ਜਾਦੂਈ ਸਥਿਤੀਆਂ ਵਿਚ ਪੇਸ਼ ਕਰਦਾ ਹੈ ਅਤੇ ਫਿਰ ਉਸਨੂੰ ਹੱਲ ਕਰਨ ਲਈ ਵਾਤਾਵਰਣ ਤਿਆਰ ਕਰਦਾ ਹੈ।ਇਸ ਮਾਡਲ ਅਧੀਨ ਗਿਆਨ ਦੇ ਵਿਸਥਾਰ ਅਤੇ ਵਿਸ਼ਲੇਸ਼ਣ ਵਿਚ ਵਿਦਿਆਰਥੀ ਅਤੇ ਅਧਿਆਪਕ ਦੀ ਭੂਮਿਕਾ ਲੱਗਭਗ ਬਰਾਬਰ ਹੈ।

ਇਸ ਤਰ੍ਹਾਂ ਸਿੱਖਿਆ ਇਕ ਸੁਤੰਤਰ ਪ੍ਰਕਿਰਿਆ ਹੈ ਜੋ ਵਿਦਿਆਰਥੀਆਂ ਦੀ ਚੇਤਨਾਂ ਜਾਗਰੂਕਤਾ ਨੂੰ ਵਧਾਉਂਦੀ ਹੈ । ਇਹ ਵਿਦਿਆਰਥੀਆਂ ਨੂੰ ਲੰਬੇ ਸੰਘਰਸ਼ ਲਈ ਤਿਆਰ ਕਰਦੀ ਹੈ ਅਤੇ ਉਹਨਾਂ ਦੇ ਤਜਰਬਿਆ ਅਨੁਸਾਰ ਸਥਿਤੀਆਂ ਨੂੰ ਵਿਕਸਿਤ ਕਰਦੀ ਹੈ। ਉਹ ਆਪਣੇ ਤਜ਼ਰਿਬਆਂ ਦਾ ਸਹੀ ਬੋਧ ਕਰਕੇ ਸਮਾਜਿਕ ਪੀੜਾਂ ਨੂੰ ਖਤਮ ਕਰਨ ਅਤੇ ਚੰਗੇ ਸਮਾਜ ਦੀ ਸਿਰਜਣਾ ਕਰਨ ਵੱਲ ਵੱਧਦੇ ਹਨ। ਇਹ ਸਿੱਖਿਆ ਵਿਦਿਆਰਥੀਆ ਨੂੰ ਅਲੋਚਨਾਤਮਿਕ ਚਿੰਤਕ ਨਾਗਰਿਕਾਂ ਦੇ ਤੋਰ ਤੇ ਤਿਆਰ ਕਰਦੀ ਹੈ ਜੋ ਇਸ ਲੋਕਤੰਤਰੀ ਜੀਵਨ ਵਿਚ ਆਪਣੀ ਜਗ੍ਹਾ ਲੈਣ ਸਕਣ ਇਸ ਪ੍ਰਕਾਰ ਇਹ ਮਨੁੱਖੀ ਹੱਕ ਤੇ ਸਨਮਾਨ ਸਥਾਪਿਤ ਕਰਦੀ ਹੈ ਜੋ ਸ਼ਾਂਤੀ ਸੱਭਿਆਚਾਰ ਵਿਕਸਤ ਕਰਦੇ ਹਨ।

**2.3.11ਅਧਿਆਪਕ ਦੀ ਭੂਮਿਕਾ :**

ਡਾ.ਕੋਠਾਰੀ ਅਨੁਸਾਰ ਰਾਸ਼ਟਰ ਦੀ ਕਿਸਮਤ ਸਕੂਲ ਕਮਰਿਆਂ ਦੀਆਂ ਦੀਵਾਰਾਂ ਦੇ ਅੰਦਰ ਬਣਾਈ ਜਾਂਦੀ ਹੈ।ਅਧਿਆਪਕ ਉਪਰ ਰਾਸਟਰ ਨਿਰਮਾਣ ਦੀ ਬਹੁਤ ਵੱਡੀ ਜਿੰਮੇਵਾਰੀ ਹੈ।ਭਾਰਤ ਵਰਗੇ ਬਹੁ ਭਾਸ਼ਾਈ ਬਹੁ ਧਾਰਮਿਕ ਦੇਸ਼ ਵਿਚ ਅਧਿਆਪਕ ਦਾ ਕੰਮ ਬਹੁਤ ਉੱਤਮ ਅਤੇ ਪ੍ਰਭਾਵਸ਼ਾਲੀ ਹੈ । ਅਧਿਆਪਕ ਵਿਦਿਆਰਥੀ ਦੇ ਰੂਪ ਵਿਚ ਆਉਣ ਵਾਲੀਆਂ ਅਗਲੀਆਂ ਪੀੜੀਆਂ ਦਾ ਸ਼ੀਸਾ ਹਨ ਅਤੇ ਸ਼ਾਤਮਈ ਵਾਤਾਵਰਣ ਸਥਾਪਿਤ ਕਰਨ ਵਿਚ ਉਸ ਦੀ ਬਹੁਤ ਅਹਿਮ ਭੂਮਿਕਾ ਹੈ ।ਇਕ ਅਧਿਆਪਕ ਦੀ ਮੁੱਖ ਜਿੰਮੇਵਾਰੀ ਵਿਦਿਆਰਥੀਆ ਨੂੰ ਚੰਗੇ ਮਨੁੱਖ ਬਣਾਉਣਾ ਅਤੇ ਆਪਣੀ ਸਮਰੱਥਾ ਨੂੰ ਸਿਰਫ ਆਪਣੇ ਫਾਇਦੇ ਨਹੀ , ਸਗੋਂ ਪੂਰੇ ਸਮਾਜ ਲਈ ਵਰਤਣ ਦੀ ਪ੍ਰੇਰਣਾ ਦੇਣਾ ਹੈ। ਅਧਿਆਪਕ ਸ਼ਾਤਮਾਈ ਜੀਵਨ ਲਈ ਸਹੀ ਸਿੱਖਿਆ ਦੇਣ ਵਿਚ ਮਹੱਤਵਪੂਰਨ ਭੂਮਿਕਾ ਹੇਠ ਲਿਖੇ ਤਰੀਕੇ ਨਾਲ ਨਿਭਾਅ ਸਕਦਾ ਹੈ।

(1) ਅਧਿਆਪਕ ਪੂਰੀ ਉਮਰ ਸਿੱਖਿਆਕ ਹੋਣਾ ਚਾਹੀਦਾ ਹੈ ਅਤੇ ਇਸ ਨੂੰ ਆਪਣੀ ਜ਼ਿੰਦਗੀ ਵਿਚ ਗ੍ਰਹਿਣ ਕਰਕੇ ਇਕ ਆਦਰਸ਼ ਦੇ ਰੂਪ ਵਿਚ ਉਭਰਨਾ ਚਾਹੀਦਾ ਹੈ।

(2) ਅਧਿਆਪਕ ਨੂੰ ਪਾਠਕ੍ਰਮ ਬਾਰੇ ਪਤਾ ਹੋਣਾ ਚਾਹੀਦਾ ਹੈ ਅਤੇ ਵਿਦਿਆਰਥੀਆ ਅਤੇ ਮਾਪਿਆਂ ਨਾਲ ਇਸ ਦੀਆ ਉਮੀਦਾਂ ਬਾਰੇ ਗੱਲਬਾਤ ਕਰਨੀ ਚਾਹੀਦੀ ਹੈ।

(3) ਅਧਿਆਪਕ ਤੱਕ ਪਹੁੰਚ ਸੌਖੀ ਹੋਣੀ ਚਾਹੀਦੀ ਹੈ ਅਤੇ ਉਸ ਦੇ ਵਿਦਿਆਰਥੀਆਂ, ਸਾਥੀਆਂ, ਮਾਪਿਆਂ ਨਾਲ ਸਕਾਰਾਤਮਕ ਸਬੰਧ ਹੋਣੇ ਚਾਹੀਦੇ ਹਨ।

(4) ਅਧਿਆਪਕ ਨੂੰ ਸਕੂਲ ਅਤੇ ਕਲਾਸ ਰੂਮ ਵਿਚ ਸੁਰੱਖਿਅਤ, ਸਹਿਯੋਗੀ ਅਤੇ ਸੰਮਲਿਤ ਵਾਤਾਵਰਣ ਸਿਰਜਣਾ ਚਾਹੀਦਾ ਹੈ।

(5) ਅਧਿਆਪਕ ਵਿਦਿਆਰਥੀਆਂ ਨੂੰ ਆਪਣੀ ਸਮਰੱਥਾ ਪਛਾਣਨ ਵਿਚ ਮੱਦਦ ਕਰੇ ਅਤੇ ਵਿਅਕਤੀਗਤ ਸਿੱਖਣਾ ਪ੍ਰਫੁਲਿਤ ਕਰੇ।

(6) ਅਧਿਆਪਕ ਪ੍ਰਭਾਵਸ਼ਾਲੀ, ਨਿਰਦੇਸ਼ਾਤਮਕ ਅਤੇ ਮੁਲਾਂਕਣ ਰਣਨੀਤੀਆ ਬਣਾਏ ਅਤੇ ਉਹਨਾ ਨੂੰ ਲਾਗੂ ਕਰੇ।

(7) ਅਧਿਆਪਕ ਨੂੰ ਅਨੁਸ਼ਾਸਨ ਪਸੰਦ ਹੋਣਾ ਚਾਹੀਦਾ ਹੈ।

(8) ਵਿਦਿਆਰਥੀਆਂ ਨੂੰ ਸਥਾਨਕ ਅਤੇ ਸੰਸਾਰ ਪੱਧਰ ਤੇ ਉਹਨਾਂ ਦੀ ਭੂਮਿਕਾ ਸਮਝਾਉਣ ਵਿਚ ਅਧਿਆਪਕ ਨੂੰ ਸਕਾਰਾਤਮਕ ਭੂਮਿਕਾ ਨਿਭਾਉਣੀ ਚਾਹੀਦੀ ਹੈ।

(9) ਅਧਿਆਪਕ ਨੂੰ ਸਮਾਜ ਵਿਚ ਬਹੁ ਸੱਭਿਆਚਾਰਕ, ਬਹੁ-ਭਾਸ਼ਾਈ, ਬਹੁ-ਧਾਰਮਿਕ ਸਮੱਸਿਆਵਾ ਬਾਰੇ ਸਮਝ ਹੋਣੀ ਚਾਹੀਦੀ ਹੈ ਤਾਂ ਜੋ ਉਹ ਵਿਦਿਆਰਥੀਆਂ ਨੂੰ ਇਹਨਾਂ ਤੋਂ ਜਾਣੂ ਕਰਵਾ ਕੇ ਉਹਨਾਂ ਨੂੰ ਇਹਨਾਂ ਲਈ ਮਾਨਸਿਕ ਰੂਪ ਤੋਂ ਤਿਆਰ ਕਰ ਸਕਣ।

(10) ਅਧਿਆਪਕ ਸ਼ਾਂਤੀ ਸਿੱਖਿਆ ਦੀ ਮੁੱਢਲੀ ਪ੍ਰਕਿਰਤੀ ਅਤੇ ਉਦੇਸ਼ਾਂ ਦਾ ਸਮਰਥਕ ਹੋਵੇ।

**2.3.12 ਮੁੱਖ ਅਧਿਆਪਕ ਦੀ ਭੂਮਿਕਾ :**

ਇਸ ਸਤਾਬਦੀ ਵਿਚ ਆਈਆਂ ਸਮਾਜ ਵਿਚਲੀਆਂ ਚੁਣੋਤੀਆਂ ਨੇ ਪ੍ਰਿੰਸੀਪਲ ਦੀ ਗਤੀਸ਼ੀਲ ਭੂਮਿਕਾ ਤੇ ਜੋਰ ਦਿੱਤਾ ਹੈ। ਸਕੂਲ ਕੈਂਪਸ ਵਿਚ ਉਸਦੀ ਅਗਵਾਈ ਅਤੇ ਲੀਡਰਸ਼ਿਪ ਅਧੀਨ ਪੈਦਾ ਹੋਏ ਸਿੱਖਣ ਵਾਤਾਵਰਣ ਦੇ ਨਤੀਜਿਆਂ ਬਾਰੇ ਉਸਨੂੰ ਜਾਣਨ ਦੀ ਲੋੜ ਹੈ ਅਤੇ ਉਸ ਅਧੀਨ ਆਉਂਦੀਆਂ ਸਾਰੀਆ ਕਾਰਵਾਈਆ ਦੀ ਉਸਨੂੰ ਜਿੰਮੇਵਾਰੀ ਲੈਣੀ ਚਾਹੀਦੀ ਹੈ।ਪ੍ਰਿੰਸੀਪਲ ਸ਼ਾਂਤੀ ਭਰਪੂਰ ਜੀਵਨ ਲਈ ਸਹੀ ਸਿੱਖਿਆ ਦੇਣ ਵਿਚ ਮਹੱਤਵਪੂਰਨ ਭੂਮਿਕਾ ਹੇਠ ਲਿਖੇ ਤਰੀਕੇ ਨਾਲ ਨਿਭਾਅ ਸਕਦਾ ਹੈ।

1. ਪ੍ਰਿੰਸੀਪਲ ਦੇ ਤੋਰ ਤੇ ਸਕੂਲ ਦੇ ਭੋਤਿਕ ਅਤੇ ਮਨੁੱਖੀ ਸਾਧਨਾਂ ਵਿਚ ਤਾਲਮੇਲ ਬਣਾਉਣਾ ਜਰੂਰੀ ਹੈ ਤਾ ਜੋ ਸਹੀ ਸਿੱਖਿਆ ਦਿੱਤੀ ਜਾ ਸਕੇ।
2. ਪ੍ਰਿੰਸੀਪਲ ਆਪਣੇ ਗਰੁੱਪ ਦੇ ਮੈਬਰਾਂ ਨੂੰ ਸਿੱਖਿਆ ਦੇ ਸ਼ਾਂਤੀ ਪ੍ਰਾਪਤੀ ਲਈ ਉਦੇਸ਼ ਪੂਰੇ ਕਰਨ ਵਿਚ ਸਹਿਯੋਗੀ ਹੋਵੇ ਤਾਂ ਜੋ ਉਹਨਾਂ ਅੰਦਰ ਸਕਾਰਾਤਮਕ ਰਵੱਈਆ ਪੈਦਾ ਹੋ ਸਕੇ।
3. ਇਕ ਵਿਅਕਤੀਗਤ ਨੇਤਾ ਹੋਣ ਕਾਰਨ ਸ਼ਾਤਮਈ ਸਿੱਖਿਆ ਲਈ ਸਾਰੇ ਪ੍ਰੇਖਣ, ਸੈਮੀਨਾਰ ਲਗਾਉਣਾ ਪ੍ਰੋਗਰਾਮਾਂ ਨੂੰ ਨਿਰਦੇਸ਼ ਦੇਣਾ ਆਦਿ ਉਸ ਦੀ ਜਿੰਮੇਵਾਰੀ ਹੈ।
4. ਸ਼ਾਤਮਈ ਸਿੱਖਿਆ ਲਈ ਸੰਸਥਾ ਵਿਚ ਇਨਸਾਨੀਅਤ ਅਤੇ ਨੈਤਿਕਤਾ ਵਾਲਾ ਮਾਹੌਲ ਬਣਾਉਣ ਲਈ ਪ੍ਰਿੰਸੀਪਲ ਨੂੰ ਆਪਣੀ ਪੂਰੀ ਕੋਸ਼ਿਸ ਕਰਨੀ ਚਾਹੀਦੀ ਹੈ।
5. ਪ੍ਰਿੰਸੀਪਲ ਦਾ ਚਰਿੱਤਰ ਵਿਦਿਆਰਥੀਆਂ ਦੇ ਉਪਰ ਬਹੁਤ ਪ੍ਰਭਾਵ ਪਾਉਂਦਾ ਹੈ ਇਸ ਲਈ ਉਸਨੂੰ ਖੁਸ਼ਮਿਜਾਜ ਇਨਸਾਨ ਹੋਣਾ ਚਾਹੀਦਾ ਹੈ।
6. ਉਸ ਨੂੰ ਨਿਮਰ ਅਤੇ ਕੋਮਲ ਭਾਸ਼ੀ ਹੋਣਾ ਚਾਹੀਦਾ ਹੈ। ਉਸ ਵਿਚ ਭਾਸ਼ਣ ਦੇਣ ਦੀ ਕਲਾ ਹੋਵੇ ਤਾ ਜੋ ਉਹ ਬੱਚਿਆਂ ਨੂੰ ਆਪਣੇ ਵਿਚਾਰਾਂ ਨਾਲ ਪ੍ਰਭਾਵਿਤ ਕਰ ਸਕੇ।
7. ਪ੍ਰਿੰਸੀਪਲ ਇਕ ਅਦਾਰੇ ਦੇ ਚੇਅਰਪਰਸਨ ਦੀ ਤਰ੍ਹਾਂ ਕੰਮ ਕਰਦਾ ਹੈ ਜਿਸ ਵਿਚ ਅਧਿਆਪਕ ਸਹਿਯੋਗ ਦਿੰਦੇ ਹਨ ਤਾ ਜੋ ਸ਼ਾਤਮਈ ਮਾਹੋਲ ਪੈਦਾ ਕੀਤਾ ਜਾ ਸਕੇ।

**2.3.13 ਮਾਪਿਆਂ ਦੀ ਭੂਮਿਕਾ :**

ਸਫਲਤਾ ਦੇ ਜ਼ਰੂਰੀ ਤੱਥ ਸਖਤ ਮਿਹਨਤ, ਡੂੰਘਾ ਗਿਆਨ, ਸਮਰਪਣ ,ਜਾਗਰੂਕਤਾ ,ਅਨੁਸ਼ਾਸਨ ,ਜਿੰਮੇਵਾਰੀ ਅਤੇ ਵਿਸ਼ਵਾਸ ਹਨ। ਬਦਕਿਸਮਤੀ ਨਾਲ ਇਕ ਜਾਂ ਦੂਜੇ ਦੀ ਕਮੀ ਕਾਰਨ ਸਾਡੀ ਵਰਤਮਾਨ ਪੀੜ੍ਹੀ ਵਿਚ ਏਕਤਾ ਅਤੇ ਖੁਸ਼ਹਾਲੀ ਵਿਕਸਿਤ ਨਹੀਂ ਹੋ ਰਹੀ ਹੈ ਅਤੇ ਕੁੱਝ ਬੱਚੇ ਸਮਾਜਿਕ ਅਤੇ ਨੈਤਿਕ ਬੁਰਾਈਆਂ ਵਿਚ ਫਸੇ ਹੋਏ ਹਨ। ਦੂਜੇ ਸਬੰਧਾਂ ਦੀ ਤੁਲਨਾ ਵਿਚ ਮਾਪਿਆ ਦੀ ਭੂਮਿਕਾ ਬੱਚਿਆਂ ਵਿਚ ਨੈਤਿਕ ਤੇ ਸਮਾਜਿਕ ਗੁਣ ਪੈਦਾ ਕਰਨ ਵਿਚ ਬਹੁਤ ਮਹੱਤਵਪੂਰਨ ਹੈ। ਬਚਪਨ ਦੀ ਅਵਸਥਾ ਇਹਨਾਂ ਗੁਣਾਂ ਲਈ ਸੱਭ ਤੋ ਵਧੀਆਂ ਸਮਾਂ ਹੈ ਜਦੋ ਮਾਪੇ ਉਹਨਾਂ ਅੰਦਰ ਇਹ ਕਦਰਾਂ ਭਰ ਸਕਦੇ ਹਨ । ਸ਼ਾਂਤੀ ਨੂੰ ਅੰਦਰੂਨੀ ਅਤੇ ਬਾਹਰੀ ਸ਼ਾਂਤੀ ਵਿਚ ਵੰਡਿਆ ਗਿਆ ਹੈ।ਅੰਦਰੂਨੀ ਸ਼ਾਂਤੀ ਉਹ ਅਹਿਸਾਸ ਹੈ ਜੋ ਅਪ੍ਰਤੱਖ ਰੂਪ ਵਿਚ ਸਮਾਜ ਵਿਚ ਸ਼ਾਂਤੀ ਲਿਆਉਂਦੀ ਹੈ।ਮਾਪੇ ਆਪਣੇ ਬੱਚਿਆਂ ਨੂੰ ਦੋਹਾਂ ਤਰ੍ਹਾਂ ਦੀ ਸ਼ਾਂਤੀ ਪ੍ਰਦਾਨ ਕਰ ਸਕਦੇ ਹਨ। ਅੱਜ ਦੇ ਹਾਲਤ ਵਿਚ ਇਹ ਦੇਖਿਆ ਗਿਆ ਹੈ ਕਿ ਮਾਪਿਆਂ ਕੋਲ ਆਪਣੇ ਬੱਚਿਆਂ ਵਿਚ ਇਹਨਾਂ ਅਹਿਸਾਸਾਂ , ਪਿਆਰ, ਹਮਦਰਦੀ ਲਈ ਸਮਾਂ ਨਹੀ ਹੈ ਜਿਸ ਨਾਲ ਬੱਚੇ ਮਨੋਂ ਸ਼ਾਂਤ ਨਹੀਂ ਹਨ ।ਜਿਸ ਕਾਰਨ ਉਹਨਾਂ ਦੀ ਜਿੰਦਗੀ ਸਹੀ ਤਰੀਕੇ ਨਾਲ ਨਹੀ ਚਲਦੀ।ਇਸ ਲਈ ਇਹ ਸਮਾਂ ਹੈ ਕਿ ਮਾਪਿਆਂ ਨੂੰ ਆਪਣੀ ਜਿੰਮੇਵਾਰੀ ਸਹੀ ਤਰੀਕੇ ਨਾਲ ਨਿਭਾਉਣੀ

ਚਾਹੀਦੀ ਹੈ ਤਾ ਜੋ ਉਹ ਬੱਚਿਆ ਵਿਚ ਸਕਾਰਾਤਮਕ ਸੋਚ ਅਤੇ ਦ੍ਰਿਸ਼ਟੀਕੋਣ ਪੈਦਾ ਕਰ ਸਕਣ ਉਹਨਾਂ ਨੂੰ ਘਰ ਵਿਚ ਸ਼ਾਂਤੀ ਵੱਲ ਸੇਧਿਤ ਕਦਰਾਂ - ਕੀਮਤਾਂ ਅਤੇ ਸਿੱਖਿਆ ਦੇਣ ਤੇ ਜ਼ੋਰ ਦੇਣਾ ਚਾਹੀਦਾ ਹੈ ।

**2.3.14ਪਾਠਕ੍ਰਮ ਵਿਚ ਸ਼ਾਂਤੀ ਸਿੱਖਿਆ ਦਾ ਏਕੀਕਰਣ :**

ਸਕੂਲ ਦੇ ਪ੍ਰਮੁੱਖ ਪਾਠਕ੍ਰਮ ਖੇਤਰ ਜਿਹਨਾਂ ਵਿਚ ਸ਼ਾਂਤੀ ਸਿੱਖਿਆ ਦਾ ਏਕੀਕਰਣ ਕੀਤਾ ਜਾ ਸਕਦਾ ਹੈ ਹੇਠ ਲਿਖੇ ਹਨ :

**1. ਵਿਸ਼ਾ ਸਮੱਗਰੀ :** ਪਾਠਕ੍ਰਮ ਵਿਚ ਭਾਸ਼ਾ, ਸਮਾਜਿਕ ਸਿੱਖਿਆ, ਧਰਮ, ਸਰੀਰਕ ਸਿੱਖਿਆ, ਆਰਟਸ ਅਤੇ ਵਿਗਿਆਨ ਮੁੱਖ ਵਿਸ਼ੇ ਹਨ ਜੋ ਸ਼ਾਂਤੀ ਪੈਦਾ ਕਰਨ ਵਿਚ ਵਰਤੇ ਜਾ ਸਕਦੇ ਹਨ।

**2. ਵਿਸ਼ਾ ਦ੍ਰਿਸ਼ਟੀਕੋਣ :** ਅਧਿਆਪਕ ਵਿਸ਼ੇ ਨੂੰ ਕਿਵੇ ਪੜ੍ਹਾਉਂਦਾ ਹੈ ਇਹ ਬਹੁਤ ਮਹੱਤਵਪੂਰਨ ਹੈ ।ਇੱਕ ਵਿਸ਼ਾ ਸਿਰਫ ਵਿਸ਼ੇ ਦੇ ਤੋਰ ਤੇ ਸਿੱਖਿਆ ਨਹੀਂ ਜਾਣਾ ਚਾਹੀਦਾ, ਸਗੋ ਸਿੱਖਿਆਰਥੀ ਨੂੰ ਉਸਦੀ ਸਮਾਜਿਕ ਬੌਧਿਕ ਅਤੇ ਨੈਤਿਕ ਦੇਣ ਬਾਰੇ ਵੀ ਪਤਾ ਹੋਣਾ ਚਾਹੀਦਾ ਹੈ ਵਿਸ਼ੇ ਦਾ ਦ੍ਰਿਸ਼ਟੀਕੋਣ ਸਿਰਫ ਕਲਾਸ ਤੱਕ ਹੀ ਸੀਮਿਤ ਨਹੀ ਹੋਣਾ ਚਾਹੀਦਾ ਸਗੋ ਉਸਦਾ ਦਾਇਰਾ ਸਮਾਜ ਦੇ ਸਾਰੇ ਪਾਸੇ ਫੇਲਿਆ ਹੋਣਾ ਚਾਹੀਦਾ ਹੈ ਸ਼ਾਂਤੀ ਸਿੱਖਿਆ ਵਿਸ਼ਿਆ ਅੰਦਰ ਮਨੁੱਖੀ ਸੰਦਰਭ ਰਾਹੀ ਮਾਨਵੀਕਰਨ ਵਿਕਸਤ ਕਰਦਾ ਹੈ।

**3. ਅਧਿਆਪਨ ਵਿਧੀਆਂ :** ਕੀ ਪੜ੍ਹਾਇਆ ਹੈ ਅਤੇ ਕਿਵੇਂ ਪੜ੍ਹਾਇਆ ਹੈ, ਦੋਵੇ ਪਹਿਲੂ ਮਹੱਤਵਪੂਰਨ ਹਨ। ਇੱਕ ਵਧੀਆ ਅਧਿਆਪਕ ਪ੍ਰਾਇਮਰੀ ਅਤੇ ਸੈਕੰਡਰੀ ਪੱਧਰ ਤੇ ਬਾਲ ਕੇਂਦਰਿਤ ਵਿਧੀ ਨਾਲ ਪੜ੍ਹਾਉਦਾ ਹੈ। ਆਪਣੇ ਰੋਜ ਦੇ ਲੈਕਚਰਾਂ ਤੋ ਬਿਨਾਂ ਅਧਿਆਪਕ ਨੂੰ ਰੋਚਕ ਸਿੱਖਣ ਵਿਧੀਆਂ ਵਰਤਣੀਆਂ ਚਾਹੀਦੀਆਂ ਹਨ । ਉਸਦਾ ਕੰਮ ਸਿਰਫ ਗਿਆਨ ਦੇਣਾ ਹੀ ਨਹੀ ਸਗੋਂ ਬੱਚੇ ਦੇ ਸਮਾਜਿਕ ਅਤੇ ਨੈਤਿਕ ਹੁਨਰ ਵੀ ਪੈਦਾ ਕਰਨਾ ਹੈ।

**4. ਸਹਾਇਕ ਕਿਰਿਆਵਾਂ :** ਰਸਮੀ ਸਿੱਖਿਆ ਦੇ ਉਦੇਸ਼ਾਂ ਨੂੰ ਪੂਰਾ ਕਰਨ ਲਈ ਇਹ ਕਿਰਿਆਵਾਂ ਕਲਾਸ ਤੋਂ ਬਾਹਰ ਕੀਤੀਆਂ ਜਾਂਦੀਆਂ ਹਨ । ਇਹ ਕਿਰਿਆਵਾਂ ਵਿਸ਼ੇ ਨਾਲ ਹੀ ਸਬੰਧਤ ਨਹੀ ਹੁੰਦੀਆਂ, ਸਗੋਂ ਸਿੱਖਿਆ ਦੇ ਉਦੇਸ਼ਾਂ ਦੀ ਪ੍ਰਾਪਤੀ ਲਈ ਜ਼ਰੂਰੀ ਹਨ।

**5. ਕਲਾਸ ਰੂਮ ਪ੍ਰਬੰਧ :** ਕਲਾਸ ਰੂਮ ਪ੍ਰਬੰਧ ਵਿਚ ਅਨੁਸ਼ਾਸਨ ਸਥਾਪਿਤ ਕਰਨਾ ਚਰਿੱਤਰ ਨਿਰਮਾਣ , ਝਗੜਿਆਂ ਨੰ ਹੱਲ ਕਰਨਾ, ਸਹੀ ਰਸਤਾ ਦਿਖਾਉਣਾ ਆਦਿ ਸ਼ਾਮਿਲ ਹੈ।

**6. ਸਕੂਲ ਪ੍ਰਬੰਧ :** ਇਸ ਵਿਚ ਸਕੂਲ ਪੱਧਰ ਤੇ ਪ੍ਰਸ਼ਾਸਕੀ, ਸਰੰਚਨਾਤਮਕ ਕੌਸ਼ਲ ਨੀਤੀ ਬਣਾਉਣਾ ਅਤੇ ਉਹਨਾਂ ਨੂੰ ਲਾਗੂ ਕਰਨਾ ਸ਼ਾਮਿਲ ਹੈ। ਸਕੂਲ ਮੁੱਖੀ ਦੇ ਤੋਰ ਤੇ ਪ੍ਰਿੰਸੀਪਲ ਨੂੰ ਅਤੇ ਅਧਿਆਪਕ ਜੋ ਕਲਾਸਰੂਮ ਪੱਧਰ ਤੇ ਸ਼ਾਂਤੀ ਸਿੱਖਿਆ ਲਈ ਨੀਤੀਆਂ ਲਾਗੂ ਕਰਦੇ ਹਨ, ਨੂੰ ਸਾਰੇ ਸਕੂਲ ਦੇ ਸਹਿਯੋਗ ਦੀ ਜ਼ਰੂਰਤ ਹੈ ।

**7. ਸ਼ਾਂਤਮਈ ਇਮਾਰਤ ਦੇ ਰੂਪ ਵਿਚ ਸਕੂਲ :** ਸਿੱਖਿਆ ਪ੍ਰਣਾਲੀ ਅਧੀਨ ਸਿੱਖਿਆ ਪ੍ਰਦਾਨ ਕਰਨ ਲਈ ਇਕ ਸਹੀ ਮਾਹੌਲ ਦਾ ਹੋਣਾ ਬਹੁਤ ਜ਼ਰੂਰੀ ਹੈ। ਸ਼ਾਤਮਈ ਸਿੱਖਿਆ ਹੇਠਾਂ ਲਿਖੇ ਸਾਧਨਾਂ ਦੁਆਰਾ ਦਿੱਤੀ ਜਾ ਸਕਦੀ ਹੈ।

- ਮਨੁੱਖੀ ਪ੍ਰਬੰਧਨ ਦ੍ਰਿਸ਼ਟੀਕੋਣ ਦਾ ਵਿਸਥਾਰ।
- ਮਨੁੱਖੀ ਸਬੰਧਾਂ ਵਿਚ ਸੁਧਾਰ ਜਿਵੇਂ ਅਧਿਆਪਕ-ਵਿਦਿਆਰਥੀ, ਅਧਿਆਪਕ-ਅਧਿਆਪਕ ਆਦਿ।।
- ਅਧਿਆਪਕ ਅਤੇ ਵਿਦਿਆਰਥੀ ਵਿਚ ਚੰਗੇ ਗੁਣ ਜਿਵੇਂ ਸਹਿਯੋਗ , ਆਪਸੀ ਸਨਮਾਨ ਆਦਿ ਸਥਾਪਤ ਕਰਨਾ।
- ਵਿਦਿਆਰਥੀਆਂ ਵਿਚ ਵਧੀਆ ਸੰਵੇਗਾਤਮਕ ਵਿਕਾਸ ਕਰਨਾ ।
- ਅੰਤਰ ਕਿਰਿਆ ਅਤੇ ਸਹਿਯੋਗੀ ਸਿੱਖਣ ਕਿਰਿਆਵਾਂ ਵਿਚ ਭਾਗੀਦਾਰ ਰਾਹੀਂ ਸਮਾਜੀਕਰਨ ਤੇਜ਼ ਕਰਨਾ।
- ਵਿਦਿਆਰਥੀਆਂ ਵਿਚ ਅਨੁਸ਼ਾਸਨ ਅਤੇ ਨੈਤਿਕ ਵਿਵਹਾਰ ਨੂੰ ਸੁਧਾਰਨਾ।
- ਵਿਦਿਆਰਥੀ ਵਿਚ ਰਚਨਾਤਮਕ ਰਵੱਈਆ ਵਿਕਸਿਤ ਕਰਨਾ।
- ਅਧਿਆਪਨ ਅਤੇ ਸਿੱਖਣ ਵਿਧੀਆਂ ਵਿਚ ਸੁਧਾਰ ਕਰਨਾ।

### 2.3.15 ਸਿੱਟਾ :

ਸ਼ਾਂਤੀਪੂਰਨ ਜੀਵਨ ਲਈ ਸਿੱਖਿਆ ਦਾ ਸਹੀ ਢੰਗ ਨਾਲ ਪ੍ਰਦਾਨ ਕਰਨਾ ਬਹੁਤ ਜ਼ਰੂਰੀ ਹੈ ਇਸ ਲਈ ਸਿੱਖਿਅਕਾਂ ਅਤੇ ਪ੍ਰਸ਼ਾਸ਼ਕਾਂ ਦੀ ਸਿਖਲਾਈ ਬਹੁਤ ਜ਼ਰੂਰੀ ਹੈ ਸਕਾਰਾਤਮਕ ਸ਼ਾਂਤੀ ਲਈ ਲੰਬੇ ਸਮੇ ਤੱਕ ਅਹਿੰਸਾ, ਖੁਸ਼ਹਾਲੀ, ਤਾਲਮੇਲ ਅਤੇ ਪਰਸਿਥਤੀ ਲੋਕਾ ਅਤੇ ਸਰਕਾਰਾਂ ਵਿਚ ਵਧੀਆ ਸਬੰਧ ਹੋਣੇ ਬਹੁਤ ਜਰੂਰੀ ਹਨ । ਸਿੱਖਿਆ ਦੇ ਮਾਧਿਅਮ ਨਾਲ ਲੋਕਾਂ ਵਿਚ ਸਹੀ ਸਮਝ ਪੈਦਾ ਕੀਤੀ ਜਾ ਸਕਦੀ ਹੈ ਸਿੱਖਿਆ ਦਾ ਮਹਾਨ ਉਦੇਸ਼ ਭਵਿੱਖ ਲਈ ਵਫਾਦਾਰ ਅਤੇ ਆਗਿਆਕਾਰੀ ਨਾਗਰਿਕ ਤਿਆਰ ਕਰਨਾ ਹੈ ਜਦੋਂ ਸ਼ਾਂਤੀ ਬਣਾਉਣ ਦੀ ਗੱਲ ਕੀਤੀ ਜਾਂਦੀ ਹੈ ਤਾ ਉੱਥੇ ਸਿੱਖਿਆ ਇਕ ਰਸਤਾ ਬਣਾਉਂਦੀ ਹੈ ਜਿਸ ਨਾਲ ਅਸੀ ਆਪਣੇ ਆਪ ਨੂੰ ਦੂਜਿਆਂ ਨੂੰ ਸਮਾਜ ਅਤੇ ਸੰਸਾਰ ਨੂੰ ਸਹੀ ਤਰੀਕੇ ਨਾਲ ਦੇਖਦੇ ਹਾਂ ਤਾਂ ਜੋ ਸਾਰਟ ਸੰਬੰਧ ਸ਼ਾਂਤਮਈ ਅਤੇ ਖੁਸ਼ਹਾਲ ਹੋ ਸਕਣ। ਸ਼ਾਂਤੀ ਸਿੱਖਿਆ ਅਸਲ ਵਿਚ ਲੋਕਾਂ ਦੀਆ ਸਮੱਰਥਾਵਾਂ ਨੂੰ ਸ਼ਾਂਤੀ ਲਿਆਉਣਾ, ਦੂਜਿਆਂ ਨਾਲ ਮਿਲ ਕੇ ਸ਼ਾਂਤੀ ਨਾਲ ਰਹਿਣ ਅਤੇ ਇੱਕਠੇ ਹੋ ਕੇ ਰਹਿਣ ਵਿਚ ਵਰਤਣ ਲਈ ਮੱਦਦ ਕਰਦੀ ਹੈ ।

### 2.3.16 ਸੁਝਾਏ ਪ੍ਰਸ਼ਨ :

1. ਸ਼ਾਂਤਮਈ ਜੀਵਨ ਵੱਲ ਸਿੱਖਿਆ ਤੋ ਕੀ ਭਾਵ ਹੈ ਸਿੱਖਿਆ ਦੀ ਰਚਨਾਤਮਿਕ ਭੂਮਿਕਾ ਬਾਰੇ ਵਿਸਥਾਰ ਵਿਚ ਚਾਣਨਾ ਪਾਉ।
2. ਸ਼ਾਂਤੀ ਲਈ ਸਿੱਖਿਆ ਦੀ ਧਾਰਨਾ ਸਪੱਸ਼ਟ ਕਰੋ, ਸ਼ਾਂਤੀ ਸਿੱਖਿਆ ਦੀ ਕੀ ਜ਼ਰੂਰਤ ਹੈ, ਵਿਆਖਿਆ ਕਰੋ।
3. ਸ਼ਾਂਤੀ ਸਿੱਖਿਆ ਦੇ ਸਿਧਾਂਤਾਂ ਦੀ ਵਿਆਖਿਆ ਕਰੋ।
4. ਸ਼ਾਂਤੀ ਸਿੱਖਿਆ ਵਿਚ ਅਧਿਆਪਕ, ਪ੍ਰਿੰਸੀਪਲ ਅਤੇ ਮਾਪਿਆਂ ਦੀ ਕੀ ਭੂਮਿਕਾ ਹੈ ਸਪਸ਼ੱਟ ਕਰੋ।

### 2.3.17Suggested Readings


1. Arnett, J.J. (2000). "Emerging adulthood: A theory of development from the late teens through the twenties". *American Psychologist*, 57,774-783.
2 Broudy, H.S (1955). *Building a Philosophy of Education*, New Delhi: Prentice Hall of India.
3 Baron, R.A. (2012). *Psychology*. New Delhi: Prentice Hall of India Pvt. Ltd.
4 Bhattacharya, Srinibas (2000). *Sociological Foundations of Education*. New Delhi: Atlantic Publishers and Distributors.
5 Erikson, E.H. (1956). "The problem of ego identity". *Journal of American Psychoanalytic Association*, 4, 56-121.
6 Brown, Francis J. (1954). *Educational Sociology*, New York: Prentice Hall of India.
7 Ottoway, A.K.C (1962). *Education and Society*, London: Routledge Kegan Paul.
8 Pathak, Avijit (2004). *Social Implications of Schooling: Knowledge, Pedagogy and Consciousness*. Rainbow Publishers : Noida
9 Hurn, C.J (1993). *Limits and Possibilities of Schooling: An Introduction to the Sociology of Education.* Boston: Allyn and Bacon.
10 M Carnoy, D Rhoten (2002). *What Does Globalization Mean for Educational Change? A comparative Approach*, Comparative Education Review.
11 Jack, G., & lorbievki, A. (2007). "National identity, globalization and the discursive construction of organizational identity". *British Journal of Management,* 18, 79-94.